9-OCT-PAGE-1.qxd 10/8/2023 9:51 PM Page 1

ਸੋਮਵਾਰ, 9 ਅਕਤੂਬਰ, 2023
23 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 129

ਨਵਾਂ ਜ਼ਮਾਨਾ

DAILY NAWAN ZAMANA • MONDAY, 9 OCTOBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਮਾਨ ਦਾ ਸੁਖਬੀਰ, ਰਾਜਾ ਵੜਿੰਗ, ਬਾਜਵਾ ਤੇ ਜਾਖੜ ਨੂੰ ਖੁੱਲ੍ਹੀ ਬਹਿਸ ਦਾ ਸੱਦਾ

ਆਪੋਜ਼ੀਸ਼ਨ ਆਗੂਆਂ ਵੱਲੋਂ ਸ਼ਰਤਾਂ ਨਾਲ ਚੈਲੰਜ ਕਬੂਲ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਪੰਜਾਬ 'ਚ ਭਾਜਪਾ, ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨਾਂ ਨੂੰ ਸੂਬੇ ਨੂੰ ਦਰਪੇਸ਼ ਵੱਖ-ਵੱਖ ਮੁੱਦਿਆਂ 'ਤੇ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੰਦਿਆਂ ਕਿਹਾ—ਮੈਂ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕਾਂਗਰਸ ਪ੍ਰਧਾਨ ਰਾਜਾ ਵੜਿੰਗ ਤੇ ਪ੍ਰਤਾਪ ਸਿੰਘ ਬਾਜਵਾ ਨੂੰ ਖੁੱਲ੍ਹਾ ਸੱਦਾ ਦਿੰਦਾ ਹਾਂ ਕਿ ਉਹ ਵੱਖ-ਵੱਖ ਮੁੱਦਿਆਂ 'ਤੇ ਨਿੱਤ ਖਹਿਬੜਨ ਦੀ ਥਾਂ ਮੀਡੀਆ ਤੇ ਪੰਜਾਬ ਦੇ ਲੋਕਾਂ ਸਾਹਮਣੇ ਮੇਰੇ ਨਾਲ ਖੁੱਲ੍ਹੀ ਬਹਿਸ ਕਰਨ।

ਮਾਨ ਨੇ 'ਐੱਕਸ' 'ਤੇ ਇਕ ਪੋਸਟ 'ਚ ਲਿਖਿਆ—ਆਓ, ਬਹਿਸ ਕਰੀਏ ਕਿ ਪੰਜਾਬ ਨੂੰ ਕਿਸ ਨੇ ਕਿਵੇਂ ਲੁੱਟਿਆ ਅਤੇ ਭਾਈ-ਭਤੀਜੇ, ਸਾਲੇ-ਜੀਜੇ, ਮਿੱਤਰ-ਮੁਲਾਹਜ਼ੇ, ਟੋਲ ਪਲਾਜ਼ਿਆਂ, ਜਵਾਨੀ, ਕਿਸਾਨਾਂ, ਕਾਰੋਬਾਰੀਆਂ, ਦੁਕਾਨਦਾਰਾਂ ਤੇ ਨਹਿਰਾਂ ਦੇ ਪਾਣੀਆਂ ਬਾਰੇ ਆਓ ਲਾਈਵ ਵਿਚਾਰ-ਚਰਚਾ ਕਰੀਏ। ਪਹਿਲੀ ਨਵੰਬਰ ਨੂੰ ਪੰਜਾਬ ਦਿਵਸ ਹੈ, ਜੋ ਇਸ ਕੰਮ ਲਈ ਬਿਲਕੁਲ ਢੁੱਕਵਾਂ ਹੈ। ਤੁਹਾਨੂੰ ਆਪਣੀਆਂ ਦਲੀਲਾਂ ਰੱਖਣ ਲਈ ਵਾਧੂ ਸਮਾਂ ਮਿਲ ਜਾਵੇਗਾ। ਮੈਂ ਪਹਿਲਾਂ ਹੀ ਪੂਰੀ ਤਰ੍ਹਾਂ ਤਿਆਰ ਹਾਂ, ਕਿਉਂਕਿ ਸੱਚ ਬੋਲਣ ਵਾਸਤੇ ਰੱਟੇ ਨਹੀਂ ਲਾਉਣੇ ਪੈਂਦੇ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਨੇਤਾਵਾਂ ਦੇ ਹੱਥ ਅਤੇ ਰੂਹਾਂ ਪੰਜਾਬ ਦੇ ਲਹੂ ਨਾਲ ਲਥਪਥ ਹਨ, ਕਿਉਂਕਿ ਇਨ੍ਹਾਂ ਪੰਜਾਬ ਅਤੇ ਪੰਜਾਬੀਆਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਉਨ੍ਹਾ ਕਿਹਾ ਕਿ ਪੰਜਾਬ ਨਾਲ ਕਮਾਏ ਧ੍ਰੋਹ ਲਈ ਇਨ੍ਹਾਂ ਲੀਡਰਾਂ ਨੂੰ ਸੂਬੇ ਦੇ ਲੋਕ ਕਦੇ ਵੀ ਮੁਆਫ ਨਹੀਂ ਕਰਨਗੇ। ਮਾਨ ਨੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਪੰਜਾਬ ਦਿਵਸ ਮੌਕੇ ਪ੍ਰਸਤਾਵਿਤ ਬਹਿਸ ਲਈ ਚੰਗੀ ਤਰ੍ਹਾਂ ਤਿਆਰੀ ਕਰਨ ਲਈ ਆਖਿਆ, ਜਿੱਥੇ ਉਹ ਇਨ੍ਹਾਂ ਨੇਤਾਵਾਂ ਦੇ ਪੰਜਾਬ ਵਿਰੁੱਧ ਕੱਚੇ ਚਿੱਠੇ ਖੋਲ੍ਹ ਕੇ ਅਸਲ ਚਿਹਰਾ ਜੱਗ ਜ਼ਾਹਰ ਕਰਨਗੇ।

ਆਪੋਜ਼ੀਸ਼ਨ ਆਗੂਆਂ ਨੇ ਚੈਲੰਜ ਤਾਂ ਮਨਜ਼ੂਰ ਕਰ ਲਿਆ ਹੈ, ਪਰ ਬਹਿਸ ਦੇ ਤਰੀਕਾਕਾਰ ਨੂੰ ਲੈ ਕੇ ਕੁਝ ਸ਼ਰਤਾਂ ਨੱਥੀ ਕਰ ਦਿੱਤੀਆਂ ਹਨ। ਸੁਨੀਲ ਜਾਖੜ ਨੇ ਮਾਨ ਦੇ ਸੁਨੇਹੇ ਦੇ ਜਵਾਬ 'ਚ ਐੱਕਸ 'ਤੇ ਇਕ ਪੋਸਟ 'ਚ ਕਿਹਾ—ਅਸੀਂ ਬਹਿਸ ਲਈ ਕਿਸੇ ਵੀ ਵੇਲੇ ਤਿਆਰ ਹਾਂ। ਹਾਲਾਂਕਿ, ਪਹਿਲਾਂ ਜਵਾਬ ਦਿਓ ਕਿ ਤੁਸੀਂ ਸਿਆਸੀ ਮਜਬੂਰੀਵੱਸ ਐੱਸ ਵਾਈ ਐੱਲ ਮੁੱਦੇ 'ਤੇ ਸੂਬੇ ਦੇ ਹਿੱਤਾਂ ਨਾਲ ਸਮਝੌਤਾ ਕਿਉਂ ਕੀਤਾ? ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਮੁੱਖ ਮੰਤਰੀ ਮਾਅਨੇਖੇਜ ਬਹਿਸ ਲਈ ਸਾਰੇ ਸਵਾਲਾਂ ਦਾ ਜਵਾਬ ਦੇਣ, ਤਾਂ ਕਿ ਪੰਜਾਬ ਦੇ ਲੋਕਾਂ ਨੂੰ ਸਾਰੇ ਤੱਥਾਂ ਤੇ ਸੂਬੇ ਦੀ ਚਲੰਤ ਸਥਿਤੀ ਦੀ ਪੂਰੀ ਜਾਣਕਾਰੀ ਮਿਲ ਸਕੇ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ—ਭਗਵੰਤ ਮਾਨ ਤੁਹਾਡੇ ਵੱਲੋਂ ਕੀਤਾ ਚੈਲੰਜ ਮੈਨੂੰ ਮਨਜ਼ੂਰ ਹੈ। ਇਹ ਬਹਿਸ ਸਰਕਾਰੀ ਇਮਾਰਤ (ਵਿਧਾਨ ਸਭਾ) ਵਿਚ ਨਹੀਂ, ਸਗੋਂ ਕਿਸੇ ਸਾਂਝੀ ਆਮ ਜਗ੍ਹਾ 'ਤੇ ਹੋਣੀ ਚਾਹੀਦੀ ਹੈ। ਬਹਿਸ ਦੀ ਅਗਵਾਈ ਦੇਸ਼ ਦੀ ਮਾਣਯੋਗ ਸੁਪਰੀਮ ਕੋਰਟ ਦੇ ਕਿਸੇ ਰਿਟਾਇਰ ਜੱਜ ਜਾਂ ਜਿਹੜੀ ਸ਼ਖਸੀਅਤ 'ਤੇ ਚਾਰ ਸਿਆਸੀ ਧਿਰਾਂ ਸਹਿਮਤੀ ਪ੍ਰਗਟ ਕਰਨ ਵੱਲੋਂ ਹੋਣੀ ਚਾਹੀਦੀ ਹੈ।

ਸੁਖਬੀਰ ਬਾਦਲ ਨੇ ਕਿਹਾ ਹੈ—ਭਗਵੰਤ ਮਾਨ ਤੇਰਾ ਚੈਲੰਜ ਮਨਜ਼ੂਰ ਹੈ। ਇਕ ਨਵੰਬਰ ਤਾਂ ਅਜੇ ਬਹੁਤ ਦੂਰ ਹੈ, ਮੈਂ ਆ ਰਿਹਾ ਹਾਂ ਤੇਰੇ ਘਰ ਚੰਡੀਗੜ੍ਹ 10 ਅਕਤੂਬਰ ਨੂੰ। ਹਿੰਮਤ ਹੈ ਤਾਂ ਬਾਹਰ ਆ ਕੇ ਮਿਲਣਾ ਜ਼ਰੂਰ। ਪੰਜਾਬ ਦੇ ਪਾਣੀਆਂ ਸਮੇਤ ਸੂਬੇ ਦੇ ਹਰ ਮੁੱਦੇ 'ਤੇ ਕਰਾਂਗੇ ਸਿੱਧੀ ਗੱਲਬਾਤ, ਉਹ ਵੀ ਸਾਰੇ ਮੀਡੀਆ ਦੇ ਸਾਹਮਣੇ, ਪਰ ਹਾਂ ਇੱਕ ਵਾਰ ਪੰਜਾਬ ਦੇ ਅਸਲੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਵੀ ਓਥੇ ਹੀ ਬੁਲਾ ਲਈਂ, ਕਿਉਂਕਿ ਤੇਰੇ ਪੱਲੇ ਤਾਂ ਕੁਝ ਹੈ ਨਹੀਂ, ਤੂੰ ਤਾਂ ਇਕੱਲਾ ਮੋਹਰਾ ਏਂ, ਇਸ ਕਰਕੇ ਤੂੰ ਤਾਂ ਮੁਕਰਨ ਲੱਗੇ ਵੀ ਮਿੰਟ ਲਾਉਂਦਾ ਏਂ।

ਤਿੰਨ ਨਵੰਬਰ ਦਾ ਮੁਹਾਲੀ ਰੋਸ ਪ੍ਰਦਰਸ਼ਨ ਸਰਕਾਰ ਨੂੰ ਜਾਗਣ ਲਈ ਮਜਬੂਰ ਕਰ ਦੇਵੇਗਾ : ਬਰਾੜ

ਕੰਮ ਦਿਹਾੜੀ ਵਧਾਉਣ ਦਾ ਨੋਟੀਫਿਕੇਸ਼ਨ ਡੇਢ ਸਦੀ ਪਿਛਾਂਹ ਜਾਣ ਵਾਲਾ ਕਦਮ : ਆਸਲ, ਸ਼ਰਮਾ

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਬੰਤ ਸਿੰਘ ਬਰਾੜ, ਨਾਲ ਬੈਠੇ ਅਮਰਜੀਤ ਆਸਲ ਤੇ ਸੁਖਦੇਵ ਸ਼ਰਮਾ।

ਜਲੰਧਰ (ਗਿਆਨ ਸੈਦਪੁਰੀ)

'ਪੰਜਾਬ ਸਰਕਾਰ ਦੀ ਨਾਦਰਸ਼ਾਹੀ ਸੋਚ ਅਨੁਸਾਰ ਕੰਮ ਦਿਹਾੜੀ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਦਾ ਨੋਟੀਫਿਕੇਸ਼ਨ ਰੱਦ ਕਰਵਾਉਣ ਅਤੇ ਸਮੁੱਚੇ ਮਜ਼ਦੂਰ ਅਤੇ ਮੁਲਾਜ਼ਮ ਵਰਗ ਦੀਆਂ ਭਖਦੀਆਂ ਮੰਗਾਂ ਮਨਾਉਣ ਲਈ ਪੰਜਾਬ ਦੀਆਂ ਪ੍ਰਮੁੱਖ ਮਜ਼ਦੂਰ ਜਥੇਬੰਦੀਆਂ ਵੱਲੋਂ ਤਿੰਨ ਨਵੰਬਰ ਨੂੰ ਲੇਬਰ ਭਵਨ ਮੁਹਾਲੀ ਦੇ ਸਾਹਮਣੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਨੂੰ ਸਫ਼ਲ ਕਰਨ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਪ੍ਰਦਰਸ਼ਨ ਵਿੱਚ ਸੁੱਤੀ ਹੋਈ ਪੰਜਾਬ ਸਰਕਾਰ ਨੂੰ ਜਾਗਣ ਲਈ ਮਜਬੂਰ ਕਰ ਦਿੱਤਾ ਜਾਵੇਗਾ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਨੇ ਕੀਤਾ। ਉਹ ਐਤਵਾਰ ਮਾਸਟਰ ਹਰੀ ਸਿੰਘ ਯੂਤ ਟਰੱਸਟ ਜਲੰਧਰ ਵਿਖੇ ਪੰਜਾਬ ਏਟਕ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਕਿਹਾ ਕਿ ਮੁਹਾਲੀ ਪਹੁੰਚਣ ਲਈ ਪੰਜਾਬ ਦੇ ਵੱਖ-ਵੱਖ ਥਾਵਾਂ ਤੋਂ ਰੂਟ ਤੈਅ ਕੀਤੇ ਜਾ ਰਹੇ ਹਨ। ਇਸ ਰੋਸ ਰੈਲੀ ਵਿੱਚ ਹਜ਼ਾਰਾਂ ਮਜ਼ਦੂਰ/ ਮੁਲਾਜ਼ਮ ਝੰਡਿਆਂ ਸਮੇਤ ਹੁੰਮ-ਹੁਮਾ ਕੇ ਸ਼ਾਮਲ ਹੋਣਗੇ।

ਸ੍ਰੀ ਬਰਾੜ ਨੇ 'ਨਿਊਜ਼ ਕਲਿੱਕ' ਦੇ ਪੱਤਰਕਾਰਾਂ ਨਾਲ ਭਾਜਪਾ ਸਰਕਾਰ ਵੱਲੋਂ ਕੀਤੀ ਗਈ ਧੱਕੇਸ਼ਾਹੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾ ਕਿਹਾ ਕਿ ਇਸ ਤੋਂ ਪਹਿਲਾਂ ਅਰਬਨ ਨਕਸਲੀ ਦੱਸ ਕੇ ਦੇਸ਼ ਦੇ ਅਨੇਕਾਂ ਬੁੱਧੀਜੀਵੀਆ ਨੂੰ ਜੇਲ੍ਹਾਂ ਵਿੱਚ ਸੁੱਟਿਆ ਹੋਇਆ ਹੈ। ਉਨ੍ਹਾ ਕਿਹਾ ਕਿ ਭਾਜਪਾ ਅਤੇ ਆਰ ਐੱਸ ਐੱਸ ਦਾ ਇੱਕੋ ਏਜੰਡਾ ਹੈ ਕਿ ਸੱਚ ਬੋਲਣ ਤੇ ਲਿਖਣ ਵਾਲਿਆਂ ਨੂੰ ਖ਼ਤਮ ਕਰ ਦਿੱਤਾ ਜਾਵੇ। ਬਰਾੜ ਨੇ ਕਿਹਾ ਕਿ 17 ਅਕਤੂਬਰ ਨੂੰ ਏਟਕ ਵੱਲੋਂ ਪੰਜਾਬ ਦੇ ਸਾਰੇ ਜ਼ਿਲ੍ਹਾ ਸਦਰ ਮੁਕਾਮਾਂ 'ਤੇ ਪੱਤਰਕਾਰਾਂ ਅਤੇ ਹੋਰ ਬੁੱਧੀਜੀਵੀਆਂ ਉੱਪਰ ਕੀਤੇ ਜਾ ਰਹੇ ਅੱਤਿਆਚਾਰਾਂ ਵਿਰੁੱਧ ਰੋਸ ਪ੍ਰਦਰਸ਼ਨ ਕੀਤੇ ਜਾਣਗੇ।

ਏਟਕ ਦੇ ਐਕਟਿੰਗ ਜਨਰਲ ਸਕੱਤਰ ਅਮਰਜੀਤ ਸਿੰਘ ਆਸਲ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਤਾਂ ਪਹਿਲਾਂ ਹੀ ਕਹਿੰਦੇ ਰਹੇ ਹਾਂ ਕਿ 'ਆਪ' ਭਾਜਪਾ ਦੀ ਬੀ ਟੀਮ ਹੈ। ਕੰਮ ਘੰਟੇ 8 ਤੋਂ 12 ਘੰਟੇ ਕਰਨ ਦੀ ਕਾਰਵਾਈ ਤੋਂ ਬਾਅਦ ਮਾਨ ਸਰਕਾਰ ਬਾਰੇ ਸਾਰੇ ਭਰਮ-ਭੁਲੇਖੇ ਦੂਰ ਹੋ ਗਏ ਹਨ। ਉਨ੍ਹਾ ਕਿਹਾ ਕਿ ਪਹਿਲੀ ਮਈ ਨੂੰ ਮਜ਼ਦੂਰ ਦਿਵਸ 'ਤੇ ਸਭ ਸਰਕਾਰਾਂ ਮਜ਼ਦੂਰਾਂ ਨੂੰ ਵਧਾਈਆਂ ਦਿੰਦੀਆਂ ਹਨ, ਕਿਉਂਕਿ ਇਸ ਦਿਨ ਨੂੰ ਮਜ਼ਦੂਰਾਂ ਦੀ ਕੰਮ ਦਿਹਾੜੀ ਦੇ ਘੰਟੇ ਘਟਾਉਣ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾ ਕਿਹਾ ਕਿ ਤਾਜ਼ਾ ਨੋਟੀਫਿਕੇਸ਼ਨ ਲੇਬਰ ਕੋਡ ਬਣਾਉਣ ਦੇ ਵਰਤਾਰੇ ਦਾ ਹੀ ਹਿੱਸਾ ਹੈ। ਕੰਮ ਦਿਹਾੜੀ 8 ਤੋਂ 12 ਘੰਟੇ ਕਰਨ ਦਾ ਕਦਮ ਡੇਢ ਸਦੀ ਪਿਛਾਂਹ ਮੁੜਨ ਦਾ ਵਰਤਾਰਾ ਹੈ।

ਤਿੰਨ ਨਵੰਬਰ ਦੇ ਮੁਹਾਲੀ ਵਿੱਚ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਦੀ ਗੱਲ ਕਰਦਿਆਂ ਕਾਮਰੇਡ ਆਸਲ ਨੇ ਕਿਹਾ ਕਿ ਪੰਜਾਬ ਵਿੱਚ ਆਏ ਹੜ੍ਹਾਂ ਦੇ ਮੱਦੇਨਜ਼ਰ ਰੋਸ ਪ੍ਰਦਰਸ਼ਨ ਨੂੰ ਅੱਗੇ ਪਾ ਦਿੱਤਾ ਗਿਆ ਸੀ, ਹੁਣ ਇਹ ਰੋਸ ਪ੍ਰਦਰਸ਼ਨ ਮਿਸਾਲੀ ਹੋਵੇਗਾ।

ਏਟਕ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸੁਖਦੇਵ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਜ਼ਦੂਰਾਂ ਦੀ ਦਿਹਾੜੀ ਦੇ ਕੰਮ ਘੰਟੇ ਵਧਾਉਣ ਦੇ ਨੋਟੀਫਿਕੇਸ਼ਨ ਨੇ ਇੱਕ ਤਰ੍ਹਾਂ ਮਜ਼ਦੂਰ ਵਰਗ ਦੀ ਨੀਂਦ ਹਰਾਮ ਕਰ ਦਿੱਤੀ ਹੈ। ਇਸ ਕਾਰਵਾਈ ਵਿਰੁੱਧ 3 ਨਵੰਬਰ ਨੂੰ ਪੰਜਾਬ ਭਰ ਵਿੱਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਮਜ਼ਦੂਰ/ ਮੁਲਾਜ਼ਮ ਮੁਹਾਲੀ ਦੇ ਲੇਬਰ ਭਵਨ ਸਾਹਮਣੇ ਇਕੱਠੇ ਹੋਣਗੇ। ਸ਼ਰਮਾ ਨੇ ਸਮੁੱਚੇ ਮਜ਼ਦੂਰ ਤੇ ਮੁਲਾਜ਼ਮ ਵਰਗ ਨੂੰ ਅਪੀਲ ਕੀਤੀ ਕਿ ਰੋਸ ਪ੍ਰਦਰਸ਼ਨ ਦੀ ਸਫ਼ਲਤਾ ਲਈ ਪੂਰਾ ਤਾਣ ਲਾ ਦਿੱਤਾ ਜਾਵੇ। ਮੀਟਿੰਗ ਵਿੱਚ ਪ੍ਰਦਿਉਮਨ ਗੌਤਮ ਮੀਤ ਪ੍ਰਧਾਨ ਪੀ ਐੱਸ ਪੀ ਸੀ ਐੱਲ, ਦਰਸ਼ਨ ਲਾਲ ਡਿਪਟੀ ਜਨਰਲ ਸਕੱਤਰ, ਜਗਤ ਭੂਸ਼ਨ ਏਟਕ ਆਗੂ ਜਲੰਧਰ, ਵਿਜੇ ਕੁਮਾਰ ਏਟਕ ਆਗੂ ਲੁਧਿਆਣਾ, ਗੁਰਮੀਤ ਸਿੰਘ ਆਗੂ ਪੰਜਾਬ ਪੱਲੇਦਾਰ ਯੂਨੀਅਨ, ਜੈਪਾਲ ਕਪੂਰਥਲਾ, ਕੇ ਕੇ ਕੌਸ਼ਲ ਕਪੂਰਥਲਾ, ਕੁਲਵੰਤ ਰਾਏ ਬਾਵਾ ਅੰਮ੍ਰਿਤਸਰ, ਮਹਿੰਦਰ ਪਾਲ ਮੁਹਾਲੀ, ਰਛਪਾਲ ਕੈਲੇ ਜ਼ਿਲ੍ਹਾ ਸਕੱਤਰ ਸੀ ਪੀ ਆਈ ਜਲੰਧਰ, ਗਿਆਨ ਸੈਦਪੁਰੀ ਜਨਰਲ ਸਕੱਤਰ ਪੰਜਾਬ ਖੇਤ ਮਜ਼ਦੂਰ ਸਭਾ ਜ਼ਿਲ੍ਹਾ ਜਲੰਧਰ ਅਤੇ ਹਰਜਿੰਦਰ ਸਿੰਘ ਆਦਿ ਸ਼ਾਮਲ ਸਨ।

ਬਹਿਸ ਨਾਲ ਅਸਲੀਅਤ ਸਾਹਮਣੇ ਆਏਗੀ : ਕੰਗ

ਚੰਡੀਗੜ੍ਹ : ਆਮ ਆਦਮੀ ਪਾਰਟੀ ਪੰਜਾਬ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਰੋਧੀ ਧਿਰ ਦੇ ਆਗੂਆਂ ਨੂੰ ਸੂਬੇ ਦੇ ਮੁੱਦਿਆਂ 'ਤੇ ਬਹਿਸ ਕਰਨ ਲਈ ਦਿੱਤੇ ਗਏ ਖੁੱਲ੍ਹੇ ਸੱਦੇ ਤੋਂ ਬਾਅਦ ਕਿਹਾ ਕਿ ਸੀ ਐੱਮ ਮਾਨ ਪੰਜਾਬ ਦੇ ਹੁਣ ਤੱਕ ਦੇ ਸਭ ਤੋਂ ਪਾਰਦਰਸ਼ੀ, ਇਮਾਨਦਾਰ ਅਤੇ ਦਲੇਰ ਮੁੱਖ ਮੰਤਰੀ ਹਨ। ਇਹ ਖੁੱਲ੍ਹੀ ਬਹਿਸ ਦਾ ਸੱਦਾ ਇਸ ਦਾ ਇੱਕ ਹੋਰ ਸਬੂਤ ਹੈ। ਪਾਰਟੀ ਦੇ ਚੰਡੀਗੜ੍ਹ ਸਥਿਤ ਦਫਤਰ 'ਚ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਪਾਰਟੀ ਦੇ ਬੁਲਾਰੇ ਰਾਜਵਿੰਦਰ ਕੌਰ ਥਿਆੜਾ, ਗੋਵਿੰਦਰ ਮਿੱਤਲ, ਜਸਤੇਜ ਅਰੋੜਾ, ਬਿਕਰਮਜੀਤ ਪਾਸੀ ਅਤੇ ਬੱਬੀ ਬਾਦਲ ਦੇ ਨਾਲ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਹਿਸ ਅਤੇ ਚਰਚਾ ਲੋਕਤੰਤਰ ਦਾ ਮਹੱਤਵਪੂਰਨ ਹਿੱਸਾ ਹਨ ਅਤੇ ਮੁੱਖ ਮੰਤਰੀ ਵੱਲੋਂ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਪੰਜਾਬ ਦੇ ਵੱਖ-ਵੱਖ ਮੁੱਦਿਆਂ 'ਤੇ ਬਹਿਸ ਕਰਨ ਲਈ ਆਉਣ ਦਾ ਸੱਦਾ ਬੇਮਿਸਾਲ ਹੈ। ਅਸੀਂ ਭਗਵੰਤ ਮਾਨ ਦੇ ਇਸ ਫੈਸਲੇ ਦਾ ਸੁਆਗਤ ਕਰਦੇ ਹਾਂ, ਕਿਉਂਕਿ ਪੰਜਾਬ ਦੇ ਲੋਕ ਉਨ੍ਹਾਂ ਸਾਰੇ ਮੁੱਦਿਆਂ ਲਈ ਜ਼ਿੰਮੇਵਾਰ ਲੋਕਾਂ ਦੇ ਨਾਂਅ ਜਾਣਨ ਦੇ ਹੱਕਦਾਰ ਹਨ, ਜਿਨ੍ਹਾਂ ਕਰਕੇ ਸੂਬੇ ਨੂੰ ਇਹ ਦਿਨ ਵੇਖਣਾ ਪੈ ਰਿਹਾ ਹੈ। ਉਨ੍ਹਾ ਦੁਹਰਾਇਆ ਕਿ ਐੱਸ ਵਾਈ ਐੱਲ, ਚੰਡੀਗੜ੍ਹ, ਬੀ ਬੀ ਐੱਮ ਬੀ ਆਦਿ ਦੇ ਮੁੱਦੇ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਦੀਆਂ ਪਿਛਲੀਆਂ ਸਰਕਾਰਾਂ ਦੇ 'ਤੋਹਫੇ' ਹਨ। ਹੁਣ ਇਹ ਲੋਕ ਉਕਤ ਮੁੱਦਿਆਂ 'ਤੇ ਜਨਤਾ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਏਅਰ ਫੋਰਸ ਦਾ ਨਵਾਂ ਝੰਡਾ

ਪ੍ਰਯਾਗਰਾਜ : ਏਅਰ ਚੀਫ ਮਾਰਸ਼ਲ ਵੀ ਆਰ ਚੌਧਰੀ ਨੇ ਐਤਵਾਰ ਭਾਰਤੀ ਏਅਰ ਫੋਰਸ ਦੇ 91ਵੇਂ ਦਿਹਾੜੇ ਮੌਕੇ ਨਵੇਂ ਝੰਡੇ ਤੋਂ ਪਰਦਾ ਹਟਾਇਆ। ਨਵਾਂ ਝੰਡਾ ਉਸੇ ਝੰਡੇ ਦੀ ਥਾਂ ਲਏਗਾ, ਜਿਸ ਨੂੰ ਸੱਤ ਦਹਾਕੇ ਪਹਿਲਾਂ ਅਪਣਾਇਆ ਗਿਆ ਸੀ। ਏਅਰ ਚੀਫ ਮਾਰਸ਼ਲ ਚੌਧਰੀ ਨੇ ਹਵਾਈ ਸੈਨਾ ਨੂੰ ਮੌਜੂਦਾ 'ਗੁੰਝਲਦਾਰ' ਤੇ 'ਗਤੀਸ਼ੀਲ' ਰਣਨੀਤਕ ਮਾਹੌਲ ਤੇ ਸੰਭਾਵੀ ਭਵਿੱਖੀ ਜੰਗਾਂ ਨੂੰ ਧਿਆਨ 'ਚ ਰੱਖਦੇ ਹੋਏ ਆਪਣੀ ਰਣਨੀਤੀ 'ਚ ਸੁਧਾਰ, ਸਰਬਪੱਖੀ ਸਮਰੱਥਾ ਨੂੰ ਵਧਾਉਣ ਅਤੇ ਲਚਕਦਾਰ ਮਾਨਸਿਕਤਾ ਵਿਕਸਤ ਕਰਨ ਦਾ ਸੱਦਾ ਦਿੱਤਾ। ਹਵਾਈ ਸੈਨਾ ਦੇ ਨਵੇਂ ਝੰਡੇ ਵਿਚ ਆਈ ਏ ਐੱਫ ਦਾ ਕਰੈਸਟ ਸੱਜੇ ਪਾਸੇ ਉਪਰਲੇ ਕਾਰਨਰ 'ਤੇ ਹੈ। ਇਸ ਤੋਂ ਪਹਿਲਾਂ ਪਿਛਲੇ ਸਾਲ ਜਲ ਸੈਨਾ ਨੇ ਬਸਤੀਵਾਦੀ ਅਤੀਤ ਨੂੰ ਤਿਆਗਦੇ ਹੋਏ ਆਪਣਾ ਝੰਡਾ ਬਦਲਿਆ ਸੀ।

ਸਾਲ 'ਚ ਦੋ ਵਾਰ ਬੋਰਡ ਪ੍ਰੀਖਿਆ 'ਚ ਬੈਠਣਾ ਲਾਜ਼ਮੀ ਨਹੀਂ

ਨਵੀਂ ਦਿੱਲੀ : ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਐਤਵਾਰ ਕਿਹਾ ਕਿ ਸਾਲ ਵਿਚ ਦੋ ਵਾਰ 10ਵੀਂ ਅਤੇ 12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਵਿਚ ਬੈਠਣਾ ਲਾਜ਼ਮੀ ਨਹੀਂ ਹੋਵੇਗਾ

9-OCT-PAGE-1.qxd 10/8/2023 9:52 PM Page 2

ਡਿਪਸ ਮਲੋਟ ਦੇ ਵਿਦਿਆਰਥੀਆਂ ਨੇ ਪ੍ਰਾਪਤ ਕੀਤੀਆਂ ਪਹਿਲੀਆਂ ਪੁਜੀਸ਼ਨਾਂ

ਮਲੋਟ (ਸ਼ਮਿੰਦਰਪਾਲ, ਪੂਜਾ)- ਦਸ਼ਮੇਸ਼ ਇੰਟਰਨੈਸ਼ਨਲ ਪਬਲਿਕ ਸਕੂਲ ਮਲੋਟ ਜਿਲ੍ਹਾ ਸ੍ਰੀ ਮੁਕਤਸਰ ਦੇ ਵਿਦਿਆਰਥੀਆਂ ਨੇ ਪ੍ਰਾਇਮਰੀ ਵਿੰਗ ਦੀਆਂ ਸੈਂਟਰ ਪੱਧਰੀ ਖੇਡਾਂ ਵਿਚ ਪਹਿਲੀਆਂ ਪੁਜੀਸ਼ਨਾਂ ਹਾਸਲ ਕੀਤੀਆਂ ਹਨ। ਸੈਂਟਰ ਪੱਧਰੀ ਮੁਕਾਬਲਿਆਂ ਵਿਚ ਲੜਕਿਆਂ ਨੇ ਬੈਡਮਿੰਟਨ ਵਿਚ ਦੂਜਾ, ਜਿਮਨਾਸਟਿਕ ਵਿਚ ਲੜਕੇ ਅਤੇ ਲੜਕੀਆਂ ਨੇ ਪਹਿਲਾ, ਫੁੱਟਬਾਲ ਵਿਚ ਲੜਕਿਆ ਨੇ ਦੂਸਰਾ, ਕਰਾਟੇ ਵਿਚ ਲੜਕੇ ਅਤੇ ਲੜਕੀਆਂ ਨੇ ਪਹਿਲਾ, ਚੈਸ ਵਿਚ ਲੜਕਿਆਂ ਨੇ ਪਹਿਲਾ, ਤੈਰਾਕੀ ਵਿਚ ਲੜਕੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ ਹੈ। ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਸਕੂਲ ਕਮੇਟੀ ਚੇਅਰਮੈਨ ਹਿਮਾਂਸ਼ੂ ਬਾਂਸਲ, ਪ੍ਰਿੰਸੀਪਲ ਸੁਧੀਰ ਠਾਕੁਰ ਨੇ ਵਧਾਈ ਦਿੰਦੇ ਹੋਏ ਸਰੀਰਿਕ ਸਿਖਿਆ ਵਿਭਾਗ ਦੇ ਮੁਖੀ ਮੈਡਮ ਕਰਮਜੀਤ ਕੌਰ ਨੂੰ ਮੁਬਾਰਕਬਾਦ ਦਿੱਤੀ। ਜਿਨ੍ਹਾਂ ਦੀ ਮਿਹਨਤ ਨਾਲ ਸਮੂਹ ਵਿਦਿਆਰਥੀਆਂ ਨੇ ਖੇਡਾਂ ਵਿਚ ਚੰਗਾ ਪ੍ਰਦਰਸ਼ਨ ਕਰਦੇ ਹੋਏ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ।

ਭਾਜਪਾ 'ਚ ਹੋਏ ਸ਼ਾਮਲ ਪਰਵਾਰਾਂ ਦਾ ਕੀਤਾ ਸਨਮਾਨ

ਬਾਘਾ ਪੁਰਾਣਾ (ਮਨੀ ਸਿੰਗਲਾ)-ਭਾਰਤੀ ਜਨਤਾ ਪਾਰਟੀ ਦੇ ਮੰਡਲ ਪ੍ਰਧਾਨ ਦੀਪਕ ਤਲਵਾੜ ਦੀ ਅਗਵਾਈ ਵਿਚ ਸੁਖਦੇਵ ਸਿੰਘ ਪ੍ਰਧਾਨ ਐਸ.ਸੀ ਮੋਰਚਾ ਵੱਲੋਂ ਅੱਜ ਪਿੰਡ ਨੱਥੂਵਾਲਾ ਗਰਬੀ ਦੇ ਕਈ ਪਰਵਾਰਾਂ ਹਰਦੀਪ ਸਿੰਘ, ਜਤਿੰਦਰ ਸਿੰਘ, ਚਮਕੌਰ ਸਿੰਘ, ਗੁਰਦੀਪ ਸਿੰਘ ਰੋਡੇ, ਅਮਰਜੀਤ ਸਿੰਘ ਨੱਥੂਵਾਲਾ, ਹਰਪ੍ਰੀਤ ਸਿੰਘ ਪਰਵਾਰ ਸ਼ਾਮਲ ਕੀਤੇ ਗਏ। ਇਸ ਮੌਕੇ ਗਗਨਦੀਪ ਸਿੰਘ ਲੂੰਬਾ ਯੂਵਾ ਮੋਰਚਾ ਪ੍ਰਧਾਨ ਮੋਗਾ ਨੇ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ ਅਤੇ ਕਿਹਾ ਕਿ ਪਾਰਟੀ ਵੱਲੋਂ ਬਣਦਾ ਪੂਰਾ ਮਾਣ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਪ੍ਰਦੀਪ ਤਲਵਾੜ ਜ਼ਿਲਾ ਪ੍ਰਧਾਨ, ਡਾ.ਗਗਨ ਗਿੱਲ ਵਾਈਸ ਪ੍ਰਧਾਨ ਯੂਵਾ ਮੋਰਚਾ ਮੋਗਾ, ਮਨਜੀਤ ਸਿੰਘ, ਜੀਤ ਸਿੰਘ, ਬਲਵਿੰਦਰ ਸਿੰਘ ਅਤੇ ਹੋਰ ਸ਼ਾਮਲ ਸਨ। ਇਸ ਮੌਕੇ ਪ੍ਰਧਾਨ ਗਗਨਦੀਪ ਲੂੰਬਾ ਨੇ ਕਿਹਾ ਕਿ ਬੀ.ਜੇ.ਪੀ ਹੀ ਹੈ ਜੋ ਪੰਜਾਬ ਨੂੰ ਬਚਾ ਸਕਦੀ ਹੈ, ਕਿਉਂਕਿ 2024 ਦੇ ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਤੀਸਰੀ ਵਾਰ ਪ੍ਰਧਾਨ ਮੰਤਰੀ ਬਣਨਗੇ ਅਤੇ 2027 ਵਿਚ ਡਬਲ ਇੰਜਣ ਵਾਲੀ ਸਰਕਾਰ ਬਣੇਗੀ ।

ਮਾਡਰਨ ਕਾਲਜ ਬੀਰ ਕਲਾਂ ਵਿਖੇ ਵਾਤਾਵਰਣ ਚੇਤਨਾ ਮੁਹਿਮ ਤਹਿਤ ਇੱਕ ਰੋਜ਼ਾ ਕੈਂਪ ਲਗਾਇਆ

ਚੀਮਾ ਮੰਡੀ (ਰਵਿੰਦਰ ਚੀਮਾ)-ਮਾਡਰਨ ਕਾਲਜ, ਬੀਰ ਕਲਾਂ ਵਿਖੇ ਪ੍ਰਿੰਸੀਪਲ ਡਾ. ਵੀ.ਕੇ. ਰਾਏ ਅਤੇ ਸੰਸਥਾ ਦੇ ਚੇਅਰਮੈਨ ਡਾ.ਰਵਿੰਦਰ ਬਾਂਸਲ ਦੀ ਅਗਵਾਈ ਹੇਠ ਵਾਤਾਵਰਣ ਚੇਤਨਾ ਮੁਹਿਮ ਤਹਿਤ ਇੱਕ ਰੋਜ਼ਾ ਕੈਂਪ ਲਗਾਇਆ ਗਿਆ। ਇਸ ਬਾਰੇ ਪ੍ਰਿੰਸੀਪਲ ਨੇ ਕਿਹਾ ਕਿ ਗਲੋਬਲ ਵਾਰਮਿੰਗ ਅਤੇ ਦੂਸ਼ਿਤ ਵਾਤਾਵਰਣ ਪ੍ਰਤੀ ਚੇਤਨਾ ਲਹਿਰ ਹੁਣ ਆਪਣੇ ਸਾਕਾਰਾਤਮਕ ਰੁਖ ਕਾਰਨ ਜੋਬਨ 'ਤੇ ਹੈ ਅਤੇ ਸਵੈਇੱਛਾ ਨਾਲ ਹੀ ਰੁੱਖ ਲਾਓ ਮੁਹਿਮ ਵਿੱਚ ਆਪਣਾ ਭਰਪੂਰ ਯੋਗਦਾਨ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਮੁਹਿਮ ਤਹਿਤ ਯੋਗਦਾਨ ਪਾਉਣ ਲਈ ਸੰਸਥਾ ਵਲੋਂ ਕਾਲਜ ਵਿੱਚ ਇੱਕ ਰੋਜ਼ਾ ਸਫਾਈ ਕੈਂਪ ਲਗਾਇਆ ਗਿਆ ਹੈ। ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਵਲੋਂ ਕਾਲਜ ਕੈਂਪਸ ਅਤੇ ਆਲੇ ਦੁਆਲੇ ਦੀ ਸਫਾਈ ਕੀਤੀ ਗਈ। ਇਸ ਮੌਕੇ ਡਾ. ਨਵਜੋਤ ਕੌਰ ਨੇ ਕਿਹਾ ਕਿ ਕਿਸ ਤਰ੍ਹਾਂ ਸਕੂਲਾਂ ਅਤੇ ਕਾਲਜਾਂ ਰਾਹੀ ਅਸੀਂ ਇੱਕ ਮੰਚ 'ਤੇ ਵਿਦਿਆਰਥੀਆਂ ਨੂੰ ਇਕੱਠੇ ਕਰਕੇ ਇਸ ਗੰਭੀਰ ਮਸਲੇ ਨੂੰ ਸਮਝਣ ਅਤੇ ਇਸ ਦੇ ਹੱਲ ਲਈ ਯਤਨਸ਼ੀਲ ਹਾਂ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਕਾਲਜ ਪ੍ਰਬੰਧਨ ਦੇ ਨਿਰਦੇਸ਼ਾਂ ਅਨੁਸਾਰ ਕਾਲਜ ਵਿੱਚ ਬੂਟੇ ਵੀ ਲਗਾਏ। ਇਸ ਮੌਕੇ ਕਾਲਜ ਸਟਾਫ ਮੈਂਬਰਾਂ ਸਹਿਤ ਸਮੂਹ ਵਿਦਿਆਰਥੀ ਸ਼ਾਮਿਲ ਸਨ।

ਵਿਧਾਇਕ ਪੰਡੋਰੀ ਨੇ ਝੋਨੇ ਦੀ ਖਰੀਦ ਕਰਵਾਈ ਸ਼ੁਰੂ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)- ਆਮ ਆਦਮੀ ਪਾਰਟੀ ਦੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਅੱਜ ਅਨਾਜ ਮੰਡੀ ਮਹਿਲ ਕਲਾਂ ਵਿਖੇ ਝੋਨੇ ਦੀ ਬੋਲੀ ਸ਼ੁਰੂ ਕਰਵਾ ਕੇ ਕਿਸਾਨਾਂ ਨੂੰ ਹਰ ਸਹੂਲਤ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਵਿਧਾਇਕ ਪੰਡੋਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਝੋਨੇ ਦੀ ਖਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾ ਚੁੱਕੇ ਸਨ। ਪਿਛਲੇ ਸੀਜ਼ਨ ਵਾਂਗ ਇਸ ਵਾਰ ਵੀ ਫਸਲ ਵੇਚਣ ਆਏ ਕਿਸਾਨਾਂ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਖਰੀਦ ਕੀਤੀ ਫਸਲ ਦੀ ਅਦਾਇਗੀ ਵੀ ਨਾਲੋ ਨਾਲ ਹੋਵੇਗੀ। ਉਨ੍ਹਾਂ ਖਰੀਦ ਅਧਿਕਾਰੀਆਂ ਨੂੰ ਸਖਤ ਤਾੜਨਾ ਕੀਤੀ ਕਿ ਅਣਗਹਿਲੀ ਵਰਤਣ ਵਾਲੇ ਕਿਸੇ ਵੀ ਅਧਿਕਾਰੀ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਸਮੂਹ ਕਿਸਾਨਾਂ ਨੂੰ ਸੁੱਕਾ ਤੇ ਸਾਫ ਝੋਨਾ ਹੀ ਮੰਡੀ 'ਚ ਲੈ ਕੇ ਆਉਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਫਸਲ ਦਾ ਦਾਣਾ ਦਾਣਾ ਖਰੀਦਿਆ ਜਾਵੇਗਾ। ਉਨ੍ਹਾਂ ਖਰੀਦ ਅਧਿਕਾਰੀਆਂ, ਕਿਸਾਨ, ਮਜ਼ਦੂਰਾਂ, ਆੜ੍ਹਤੀਆਂ ਨੂੰ ਸਹਿਯੋਗ ਦੀ ਅਪੀਲ ਕੀਤੀ। ਇਸ ਸਮੇਂ ਸਮਾਜ ਸੇਵੀ ਸਰਬਜੀਤ ਸਿੰਘ ਸ਼ੰਭੂ, ਹਰਕੇਸ਼ਪਾਲ ਪਾਲੀ, ਵਿਜੈ ਕੁਮਾਰ ਬਾਂਸਲ, ਸਰਬਜੀਤ ਸਿੰਘ ਆੜ੍ਹਤੀਆ, ਕੁਲਵੰਤ ਸਿੰਘ ਲੋਹਗੜ੍ਹ, ਗੁਰਦੀਪ ਸਿੰਘ ਸੋਢਾ, ਦਵਿੰਦਰ ਸਿੰਘ ਧਨੋਆ, ਸੁਖਵਿੰਦਰ ਦਾਸ ਬਾਵਾ, ਗੁਰਜੀਤ ਸਿੰਘ ਸਹਿਜੜਾ, ਪ੍ਰਧਾਨ ਮੋਹਿਤ ਗਰਗ ਹੀਰਾ, ਜਗਦੇਵ ਸਿੰਘ ਸੈਂਟੀ, ਹਾਕਮ ਸਿੰਘ ਛੀਨੀਵਾਲ, ਮਨਜੀਤ ਸਿੰਘ ਸਹਿਜੜਾ, ਰਾਜ ਸਿੰਘ ਭਾਂਬੜ, ਬਿੰਦਰ ਸਿੰਘ ਪੀ ਏ, ਇੰਸਪੈਕਟਰ ਕਮਲਜੀਤ ਸਿੰਘ ਗਿੱਲ, ਰਛਪਾਲ ਸਿੰਘ ਬੱਟੀ ਆਦਿ ਹਾਜ਼ਰ ਸਨ।

ਕੌਂਸਲਰ ਗੁਰਪ੍ਰੀਤ ਸਿੱਧੂ ਨੇ ਜਿੰਮ ਤੇ ਸਟੇਡੀਅਮ ਦਾ ਕੀਤਾ ਨਿਰੀਖਣ

ਕੋਟ ਈਸੇ ਖਾਂ (ਅਰੋੜਾ)- ਵਾਰਡ ਨੰਬਰ ਚਾਰ ਦੇ ਕੌਂਸਲਰ ਤੇ ਆਮ ਆਦਮੀ ਪਾਰਟੀ ਦੇ ਬਲਾਕ ਕੋਟ ਈਸੇ ਖਾਂ ਦੇ ਚੁਣੇ ਗਏ ਸਪੈਸ਼ਲ ਇਨਵਾਇਟੀ ਗੁਰਪ੍ਰੀਤ ਸਿੰਘ ਸਿੱਧੂ ਨੇ ਹਲਕਾ ਧਰਮਕੋਟ ਦੇ ਐੱਮ ਐੱਲ ਏ ਦਵਿੰਦਰਜੀਤ ਸਿੰਘ ਲਾਡੀ ਢੋਸ ਦੇ ਦਿਸ਼ਾ ਨਿਰਦੇਸ਼ ਅਨੁਸਾਰ ਵਾਰਡ ਨੰਬਰ ਚਾਰ ਦੇ ਜਿੰਮ, ਸਟੇਡੀਅਮ ਦਾ ਮੁਆਇਨਾ ਕੀਤਾ ਤੇ ਨੌਜਵਾਨਾਂ ਨਾਲ ਜਿੰਮ ਲਾਇਆ ਅਤੇ ਆਪਣੇ ਵਾਰਡ ਨੂੰ ਜਿੰਮ ਤੇ ਸਟੇਡੀਅਮ ਦੀ ਸਾਂਭ ਸੰਭਾਲ ਲਈ ਨੌਜਵਾਨਾਂ ਨੂੰ ਜਿੱਥੇ ਪ੍ਰੇਰਿਆ, ਉਥੇ ਆਪਣੇ ਵੱਲੋਂ ਪੇਸ਼ਕਸ਼ ਕੀਤੀ ਕਿ ਤੁਹਾਨੂੰ ਮੇਰੀ ਕਿਸੇ ਕੰਮ ਲਈ ਜਦ ਵੀ ਜ਼ਰੂਰਤ ਮਹਿਸੂਸ ਹੁੰਦੀ ਹੈ, ਜਦ ਮਰਜ਼ੀ ਫੋਨ ਕਰੋ, ਮੈਂ ਹਾਜ਼ਰ ਹੋਵਾਂਗਾ। ਇਸ ਮੌਕੇ ਉਨ੍ਹਾ ਨਾਲ ਕੈਨੇਡਾ ਤੋਂ ਆਇਆ ਭਤੀਜਾ ਸਿਮਰਨਜੀਤ ਸਿੰਘ ਸਿੱਧੂ ਵੀ ਹਾਜ਼ਰ ਸੀ।

ਡੀ ਏ ਵੀ ਕਾਲਜ 'ਚ 'ਖਾਦੀ ਮਹਾਂਉਤਸਵ' ਮਨਾਇਆ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਡੀ.ਏ.ਵੀ. ਕਾਲਜ ਵਿਖੇ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਪ੍ਰਿੰਸੀਪਲ ਸੁਭਾਸ਼ ਗੁਪਤਾ ਦੀ ਅਗਵਾਈ ਵਿੱਚ ਕਾਲਜ ਦੇ ਐੱਨ.ਐੱਸ.ਐੱਸ. ਵਿਭਾਗ ਵੱਲੋਂ 'ਖਾਦੀ ਮਹਾਂਉਤਸਵ' ਮਨਾਇਆ ਗਿਆ। ਖਾਦੀ ਦਾ ਅਰਥ ਹੈ ਮਾਣ ਤੇ ਆਤਮ ਨਿਰਭਰਤਾ। ਇਸ ਮੌਕੇ ਕਾਲਜ ਦੇ ਸਟਾਫ਼ ਤੇ ਐੱਨ.ਐੱਸ.ਐੱਸ. ਵਲੰਟੀਅਰਾਂ ਨੇ ਇਹ ਪ੍ਰਣ ਲਿਆ ਕਿ ਉਹ ਖਾਦੀ, ਗ੍ਰਾਮੀਣ ਉਦਯੋਗ ਤੇ ਹੋਰ ਸਥਾਨਕ ਉਤਪਾਦਾਂ ਦੀ ਵਰਤੋਂ ਕਰਨਗੇ। ਉਹ ਆਤਮ ਨਿਰਭਰ ਭਾਰਤ ਦੀ ਪ੍ਰਾਪਤੀ ਵਿੱਚ ਸਹਿਯੋਗ ਲਈ ਖਾਦੀ ਦੇ ਵਿਕਾਸ ਦਾ ਸਮੱਰਥਨ ਕਰਨਗੇ ਤੇ ਆਪਣੇ ਸਮਾਜ, ਆਲੇ-ਦੁਆਲੇ ਦੇ ਲੋਕ ਤੇ ਭਾਈਚਾਰੇ ਵਿਚ ਖਾਦੀ ਗ੍ਰਾਮੀਣ ਉਦਯੋਗਾਂ ਤੇ ਉਤਪਾਦਾਂ ਬਾਰੇ ਜਾਗਰੂਕਤਾ ਫੈਲਾਉਣਗੇ। ਇਸ ਤਰ੍ਹਾਂ ਉਨ੍ਹਾਂ ਦਾ ਰਾਸ਼ਟਰ ਨਿਰਮਾਣ ਵਿੱਚ ਬਹੁਤ ਵੱਡਾ ਯੋਗਦਾਨ ਹੋਵੇਗਾ। ਇਸ ਮੌਕੇ ਐੱਨ.ਐੱਸ.ਐੱਸ. ਯੂਨਿਟ ਦੇ ਅਫ਼ਸਰ ਡਾ. ਜਸਬੀਰ ਕੌਰ ਤੇ ਡਾ. ਵਿਨੀਤ ਕੁਮਾਰ ਤੋਂ ਇਲਾਵਾ ਮੈਡਮ ਭੁਪਿੰਦਰ ਕੌਰ, ਮੈਡਮ ਕੋਮਲ ਜੱਗਾ, ਮੈਡਮ ਨਵਲੀਨ, ਮੈਡਮ ਅਪਨੀਤ ਤੇ ਮੈਡਮ ਵੰਦਨਾ ਵੀ ਹਾਜ਼ਰ ਸਨ।

ਅਕਾਲ ਅਕੈਡਮੀ ਫਤਿਹਗੜ੍ਹ ਗੰਢੂਆਂ ਦਾ ਬੱਚਾ ਨਿਸ਼ਾਨੇਬਾਜ਼ੀ 'ਚ ਰਾਜ ਪੱਧਰੀ ਖੇਡਾਂ ਲਈ ਚੁਣਿਆ

ਚੀਮਾ ਮੰਡੀ (ਰਵਿੰਦਰ ਚੀਮਾ)- ਪੁਲਸ ਲਾਈਨ ਸੰਗਰੂਰ ਵਿਖੇ "ਖੇਡਾਂ ਵਤਨ ਪੰਜਾਬ ਦੀਆਂ" ਅਧੀਨ ਚੱਲ ਰਹੇ ਜ਼ਿਲ੍ਹਾ ਪੱਧਰੀ ਸ਼ੂਟਿੰਗ ਮੁਕਾਬਲੇ 'ਚ ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਸੰਚਾਲਿਤ ਅਕਾਲ ਅਕੈਡਮੀ ਫਤਿਹਗੜ੍ਹ ਗੰਢੂਆਂ ਦੇ ਨਿਸ਼ਾਨੇਬਾਜ਼ ਮਾਨਵਵੀਰ ਸਿੰਘ ਨੇ 10 ਮੀਟਰ ਏਅਰ ਰਾਈਫਲ ਵਿਅਕਤੀਗਤ ਈਵੈਂਟ ਵਿੱਚ ਅਕਾਲ ਅਕੈਡਮੀ ਫਤਿਹਗੜ੍ਹ ਗੰਢੂਆਂ ਲਈ ਸੋਨ ਤਮਗਾ ਜਿੱਤਿਆ। ਜਾਣਕਾਰੀ ਦਿੰਦਿਆਂ ਅਕੈਡਮੀ ਦੇ ਪ੍ਰਿੰਸੀਪਲ ਨੀਨਾ ਸ਼ਰਮਾ ਨੇ ਦੱਸਿਆ ਕਿ ਅਕਾਲ ਅਕੈਡਮੀ ਦੇ ਵਿਦਿਆਰਥੀ ਲਗਾਤਾਰ ਖੇਡਾਂ ਵਿੱਚ ਮੱਲਾਂ ਮਾਰ ਕੇ ਆਪਣੇ ਅਧਿਆਪਕਾਂ ਅਤੇ ਮਾਤਾ ਪਿਤਾ ਦਾ ਨਾਮ ਚਮਕਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਨੇੜਲੇ ਭਵਿੱਖ ਵਿਚ ਮਾਨਵਵੀਰ ਸਿੰਘ ਜ਼ਿਲ੍ਹਾ ਸੰਗਰੂਰ ਵੱਲੋਂ ਰਾਜ ਪੱਧਰੀ ਮੁਕਾਬਲੇ ਵਿੱਚ ਖੇਡੇਗਾ। ਅਕਾਲ ਅਕੈਡਮੀ ਫ਼ਤਹਿਗੜ੍ਹ ਗੰਢੂਆਂ ਦੇ 8 ਬੱਚੇ ਵੱਖ-ਵੱਖ ਖੇਡਾਂ ਵਿੱਚ ਰਾਜ ਪੱਧਰੀ ਮੁਕਾਬਲੇ ਲਈ ਚੁਣੇ ਗਏ ਹਨ।

ਬੀ ਐੱਸ ਐੱਫ ਨੇ ਪਾਕਿ ਨਾਗਰਿਕ ਕੀਤਾ ਰੇਂਜਰਾਂ ਹਵਾਲੇ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)

ਭਾਰਤ-ਪਾਕਿਸਤਾਨ ਸਰਹੱਦ 'ਤੇ ਤਾਇਨਾਤ ਬੀਐੱਸਐੱਫ਼ ਦੇ ਜਵਾਨਾਂ ਨੇ 6 ਅਕਤੂਬਰ ਨੂੰ ਪਾਕਿਸਤਾਨੀ ਨਾਗਰਿਕ ਨੂੰ ਫੜਿਆ ਸੀ। ਪਾਕਿਸਤਾਨੀ ਨਾਗਰਿਕ ਆਈਬੀ ਪਾਰ ਕਰਕੇ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪਿੰਡ ਗਜ਼ਨੀ ਵਾਲਾ ਨੇੜੇ ਭਾਰਤੀ ਖੇਤਰ ਵਿੱਚ ਦਾਖ਼ਲ ਹੋਇਆ ਸੀ। ਤਲਾਸ਼ੀ ਦੌਰਾਨ ਪਾਕਿਸਤਾਨੀ ਨਾਗਰਿਕ ਕੋਲੋਂ ਕੋਈ ਵੀ ਇਤਰਾਜ਼ਯੋਗ ਸਮੱਗਰੀ ਬਰਾਮਦ ਨਹੀਂ ਹੋਈ। ਬੀਐੱਸਐੱਫ਼ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਫੜਿਆ ਗਿਆ ਪਾਕਿਸਤਾਨੀ ਨਾਗਰਿਕ ਅਣਜਾਣੇ ਵਿੱਚ ਭਾਰਤੀ ਸਰਹੱਦ ਵਿੱਚ ਦਾਖ਼ਲ ਹੋ ਗਿਆ ਸੀ। ਬਾਅਦ ਵਿੱਚ ਬੀਐਸਐਫ਼ ਨੇ ਪਾਕਿ ਰੇਂਜਰਾਂ ਨਾਲ ਸੰਪਰਕ ਕੀਤਾ ਤੇ ਵਿਰੋਧ ਦਰਜ ਕਰਾਇਆ।ਇਸ ਤੋਂ ਬਾਅਦ 7 ਅਕਤੂਬਰ ਨੂੰ ਸਵੇਰੇ 12.52 'ਤੇ ਪਾਕਿਸਤਾਨੀ ਨਾਗਰਿਕ ਨੂੰ ਮਨੁੱਖੀ ਆਧਾਰ 'ਤੇ ਪਾਕਿ ਰੇਂਜਰਾਂ ਦੇ ਹਵਾਲੇ ਕਰ ਦਿੱਤਾ ਗਿਆ।

ਅੰਮ੍ਰਿਤ ਸੰਚਾਰ ਸਮਾਗਮ 'ਚ 211 ਪ੍ਰਾਣੀ ਗੁਰੂ ਵਾਲੇ ਬਣੇ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸਹਿਜ ਪਾਠ ਸੇਵਾ ਵੱਲੋਂ ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਅੰਮ੍ਰਿਤ ਸੰਚਾਰ ਸਮਾਗਮ ਕਰਾਇਆ ਗਿਆ। ਇਸ ਸਮਾਗਮ ਦੌਰਾਨ ਪੰਜ ਪਿਆਰਿਆਂ ਵੱਲੋਂ ਤਿਆਰ ਕੀਤੀ ਖੰਡੇ ਬਾਟੇ ਦੀ ਪਾਹੁਲ ਛਕ ਕੇ ਦੋ ਸੌ ਗਿਆਰਾਂ ਪ੍ਰਾਣੀ ਗੁਰੂ ਵਾਲੇ ਬਣੇ। ਸਹਿਜ ਪਾਠ ਸੇਵਾ ਦੇ ਜਗਜੀਤ ਸਿੰਘ ਕਨਵੀਨਰ, ਅਮਨਦੀਪ ਸਿੰਘ ਸਿੰਧੜਾ ਸਰਕਲ ਮੁਖੀ ਤੇ ਰਾਜਪਾਲ ਸਿੰਘ ਨੇ ਦੱਸਿਆ ਕਿ ਆਸਟ੍ਰੇਲੀਆ ਦੇ ਸ਼ਹਿਰ ਮੈਲਬੋਰਨ ਤੋਂ ਭਾਈ ਜਤਿੰਦਰ ਸਿੰਘ ਵੱਲੋਂ ਆਪਣਾ ਦਸਵੰਧ ਕੱਢ ਕੇ ਕੀਤੇ ਜਾ ਰਹੇ ਮਾਨਵਤਾ ਦੇ ਭਲੇ ਦੇ ਕਾਰਜ ਅਤੇ ਹਰ ਘਰ ਵਿੱਚ ਗੁਰਬਾਣੀ ਦਾ ਉਚਾਰਨ ਕਰਨ ਦੇ ਉਪਰਾਲੇ ਕਰਨ ਲਈ ਸ਼੍ਰੀ ਸਹਿਜ ਪਾਠ ਸਭਾ ਚਲਾਈ ਜਾ ਰਹੀ ਹੈ, ਜਿਸ ਵੱਲੋਂ ਪੰਜਾਬ ਤੇ ਹਰਿਆਣਾ ਵਿੱਚ ਸੇਵਾ ਨਿਭਾਉਂਦਿਆਂ ਸਕੂਲਾਂ ਤੇ ਕਾਲਜ ਵਿੱਚ ਬੱਚਿਆਂ ਨੂੰ ਨੈਤਿਕ ਕਦਰਾਂ-ਕੀਮਤਾਂ ਸਬੰਧੀ ਭਾਸ਼ਣ ਦੇ ਕੇ ਉਨ੍ਹਾਂ ਨੂੰ ਨਸ਼ਿਆਂ ਤੇ ਹੋਰ ਸਮਾਜਿਕ ਬੁਰਾਈਆਂ ਤੋਂ ਬਚਣ ਲਈ ਪ੍ਰੇਰਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਭੇਟਾ ਰਹਿਤ ਗੁਰਬਾਣੀ ਦੀਆਂ ਪੋਥੀਆਂ ਦਿੱਤੀਆਂ ਜਾਂਦੀਆ ਹਨ ਅਤੇ ਜਿਸ ਤੋਂ ਉਹ ਰੋਜ਼ਾਨਾ 15 ਮਿੰਟ ਕੱਢ ਕੇ ਸਹਿਜ ਪਾਠ ਕਰਦੇ ਹਨ ਤੇ ਇਹ ਸੰਪੂਰਨ ਹੋਣ ਤੇ ਭੋਗ ਪਾਉਂਦੇ ਹਨ, ਇਸ ਤਰ੍ਹਾਂ ਬਾਣੀ ਨਾਲ ਜੁੜੇ ਇਹ ਬੱਚੇ ਪ੍ਰੇਰਤ ਕੀਤੇ ਜਾਣ ਤੇ ਆਪੇ ਅੰਮ੍ਰਿਤ ਦੀ ਦਾਤ ਲੈਣ ਲਈ ਮਨ ਬਣਾਉਂਦੇ ਹਨ। ਤਿੰਨ ਸਾਲ ਬਾਅਦ ਅੰਮ੍ਰਿਤ ਸੰਚਾਰ ਦੇ ਸਮਾਗਮ ਰੱਖ ਕੇ ਇਨ੍ਹਾਂ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਅੰਮ੍ਰਿਤਪਾਨ ਕਰਾਇਆ ਜਾਂਦਾ ਹੈ। ਹਰ ਤਿੰਨਾਂ ਸਾਲਾਂ ਮਗਰੋਂ ਕੀਤੇ ਜਾਦੇ ਇਨ੍ਹਾਂ ਸਮਾਗਮ ਤਹਿਤ 1 ਅਕਤੂਬਰ ਤੋਂ ਹੁਣ ਤੱਕ ਕੀਤੇ ਗਏ ਅੰਮ੍ਰਿਤ ਸੰਚਾਰ ਸਮਾਗਮਾਂ ਵਿੱਚ 3500 ਦੇ ਕਰੀਬ ਬ

9-Oct-PAGE-3.qxd 10/8/2023 10:05 PM Page 1

ਧਾਲੀਵਾਲ ਨੇ ਅਜਨਾਲਾ ਮੰਡੀ 'ਚ ਝੋਨੇ ਦੀ ਖਰੀਦ ਸ਼ੁਰੂ ਕਰਵਾਈ

24 ਘੰਟਿਆਂ ਅੰਦਰ ਕਿਸਾਨਾਂ ਨੂੰ ਕੀਤੀ ਜਾਵੇਗੀ ਅਦਾਇਗੀ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ/ਨਰਿੰਦਰਜੀਤ ਸਿੰਘ)-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਦੀਆਂ ਸਾਰੀਆਂ ਮੰਡੀਆਂ ਵਿਚ ਝੋਨੇ ਦੀ ਖਰੀਦ ਸਬੰਧੀ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਸੂਬੇ ਦੀਆਂ ਸਾਰੀਆਂ ਮੰਡੀਆਂ ਵਿਚ ਝੋਨੇ ਦੀ ਖਰੀਦ ਸ਼ੁਰੂ ਹੋ ਚੁੱਕੀ ਹੈ।

ਉਕਤ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਅਜਨਾਲ ਮੰਡੀ ਵਿਖੇ ਝੋਨੇ ਦੀ ਖਰੀਦ ਸ਼ੁਰੂ ਕਰਵਾਉਣ ਉਪਰੰਤ ਕੀਤਾ।

ਸ: ਧਾਲੀਵਾਲ ਨੇ ਕਿਹਾ ਕਿ ਮਾਨ ਸਰਕਾਰ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਅਤੇ ਕਿਸਾਨਾਂ ਦੀ ਫਸਲ ਦਾ ਇਕ-ਇਕ ਦਾਣਾ ਖਰੀਦਣ ਲਈ ਵਚਨਬੱਧ ਹੈ ਅਤੇ ਅਸੀਂ ਕਿਸਾਨਾਂ ਨੂੰ 24 ਘੰਟਿਆਂ ਦੇ ਅੰਦਰ-ਅੰਦਰ ਅਦਾਇਗੀ ਕਰਨ ਤੋਂ ਇਲਾਵਾ ਝੋਨੇ ਦੀ ਫਸਲ ਦੀ ਲਿਫਟਿੰਗ ਵੀ ਤੁਰੰਤ ਕਰਨ ਦੇ ਸਾਰੇ ਪ੍ਰਬੰਧ ਕੀਤੇ ਹਨ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਨੇ ਸਾਉਣੀ ਮੰਡੀਕਰਨ ਸੀਜ਼ਨ, 2023-24 ਲਈ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ 2203 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਹੈ। ਪੰਜਾਬ ਮੰਡੀ ਬੋਰਡ ਵੱਲੋਂ ਨੋਟੀਫਾਈ ਖਰੀਦ ਕੇਂਦਰਾਂ ਵਿਖੇ ਖਰੀਦ ਏਜੰਸੀਆਂ ਪਨਗ੍ਰੇਨ, ਮਾਰਕਫੈੱਡ, ਪਨਸਪ ਅਤੇ ਪੰਜਾਬ ਸਟੇਟ ਵੇਅਰਹਾਊਸ ਕਾਰਪੋਰੇਸ਼ਨ, ਭਾਰਤੀ ਖੁਰਾਕ ਨਿਗਮ (ਐੱਫਸੀਆਈ.) ਦੇ ਨਾਲ ਮਿਲ ਕੇ ਭਾਰਤ ਸਰਕਾਰ ਦੁਆਰਾ ਨਿਰਧਾਰਤ ਮਾਪਦੰਡਾਂ ਅਨੁਸਾਰ ਘੱਟੋ-ਘੱਟ ਸਮਰਥਨ ਮੁੱਲ 'ਤੇ ਝੋਨੇ ਦੀ ਖਰੀਦ ਯਕੀਨੀ ਬਣਾਈ ਜਾਵੇਗੀ। ਸ: ਧਾਲੀਵਾਲ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈ ਕੇ ਆਉਣ ਤਾਂ ਜੋ ਉਨਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਨਾ ਆਵੇ। ਸ: ਧਾਲੀਵਾਲ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ।

ਕਿਉਂਕਿ ਇਸ ਨਾਲ ਮਿੱਤਰ ਕੀੜੇ ਵੀ ਨਸ਼ਟ ਹੋ ਜਾਂਦੇ ਹਨ ਅਤੇ ਸਾਡਾ ਵਾਤਾਵਰਣ ਵੀ ਖ਼ਰਾਬ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਨੂੰ ਸਬਸਿਡੀ ਤੇ ਮਸ਼ੀਨਾਂ ਵੀ ਮੁਹੱਈਆ ਕਰਵਾ ਰਹੀ ਹੈ ਅਤੇ ਅਸੀਂ ਹਰ ਸਹੂਲਤ ਦੇਣ ਲਈ ਵਚਨਬੱਧ ਹਾਂ। ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਚਰਨਜੀਤ ਸਿੰਘ ਸਿੱਧੂ, ਗੁਰਜੰਟ ਸੋਹੀ, ਜਸਪਾਲ ਸਿੰਘ ਢਿੱਲੋਂ, ਪ੍ਰਧਾਨ ਨਗਰ ਪੰਚਾਇਤ ਅਜਨਾਲਾ, ਚੇਅਰਮੈਨ ਵਰੁਣ ਕੁਮਾਰ ਰਾਜਾਸਾਂਸੀ, ਸਤਬੀਰ ਸਿੰਘ ਸੰਧੂ ਪ੍ਰਧਾਨ ਆੜ੍ਹਤੀ ਯੂਨੀਅਨ, ਹਰਵਿੰਦਰ ਸਿੰਘ ਸ਼ਾਹ, ਤਹਿਸੀਲਦਾਰ ਅਜਨਾਲਾ, ਸਕੱਤਰ ਸਾਹਿਬ ਸਿੰਘ, ਲੇਖਾਕਾਰ ਸੰਦੀਪ ਸਿੰਘ ਗਿਆਨ, ਕਾਬਲ ਸਿੰਘ ਸੰਧੂ ਸੁਪਰਵਾਈਜ਼ਰ, ਗੁਰਪ੍ਰੀਤ ਸਿੰਘ, ਜ਼ਿਲ੍ਹਾ ਮੰਡੀ ਅਫ਼ਸਰ ਅਮਨਦੀਪ ਸਿੰਘ, ਕਾਰਜਕਾਰੀ ਇੰਜੀਨੀਅਰ ਪੰਜਾਬ ਮੰਡੀ ਬੋਰਡ ਅੰਮ੍ਰਿਤਸਰ, ਹਰਚੰਦ ਸਿੰਘ ਐੱਸ.ਡੀ.ਓ. ਪੰਜਾਬ ਮੰਡੀ ਬੋਰਡ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

ਸ਼ਮਸ਼ੇਰ ਸਿੰਘ ਵੱਲੋਂ ਅੱਖਾਂ ਦੇ ਮੁਫਤ ਜਾਂਚ ਕੈਂਪ ਦਾ ਉਦਘਾਟਨ

ਕੈਂਪ ਦੌਰਾਨ ਡਾ. ਕੇ. ਡੀ. ਸਿੰਘ ਤੇ ਟੀਮ ਨੇ 200 ਤੋਂ ਵੱਧ ਮਰੀਜ਼ਾਂ ਦੀ ਕੀਤੀ ਜਾਂਚ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਪਠਾਨਕੋਟ ਦੇ ਪ੍ਰਸਿੱਧ ਕੇ. ਡੀ. ਅੱਖਾਂ ਦੇ ਹਸਪਤਾਲ ਵੱਲੋਂ ਦੀਨਾਨਗਰ ਵਿਖੇ ਲਗਾਏ ਗਏ ਅੱਖਾਂ ਦੇ ਮੁਫਤ ਜਾਂਚ ਕੈਂਪ ਦਾ ਉਦਘਾਟਨ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਕੈਂਪ ਵਿੱਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋ ਕੇ ਕੀਤਾ ਗਿਆ। ਅੱਖਾਂ ਦੇ ਮਾਹਿਰ ਡਾ. ਕੇਡੀ ਸਿੰਘ ਦੀ ਅਗਵਾਈ ਹੇਠ ਦੀਨਾਨਗਰ ਦੇ ਰਾਇਲ ਪੈਲੇਸ ਵਿਖੇ ਲਾਏ ਗਏ ਅੱਖਾਂ ਦੇ ਵਿਸ਼ਾਲ ਜਾਂਚ ਕੈਂਪ ਦੌਰਾਨ ਡਾ. ਕੇਡੀ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ 200 ਤੋਂ ਵਧੇਰੇ ਅੱਖਾਂ ਦੇ ਰੋਗੀਆਂ ਦੀ ਜਾਂਚ ਕੀਤੀ ਗਈ ਜਿਨ੍ਹਾਂ ਨੂੰ ਹਸਪਤਾਲ ਵੱਲੋਂ ਦਵਾਈਆਂ ਆਦਿ ਮੁਫਤ ਦਿੱਤੀਆਂ ਗਈਆਂ।

ਇਸ ਮੌਕੇ ਮੁੱਖ ਮਹਿਮਾਨ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਅੱਖਾਂ ਕੁਦਰਤ ਦੀ ਸਭ ਤੋਂ ਵੱਡੀ ਨਿਆਮਤ ਹਨ, ਜਿਸ ਨਾਲ ਅਸੀਂ ਦੁਨੀਆਂ ਦੇ ਰੰਗ ਵੇਖ ਸਕਦੇ ਹਾਂ। ਉਨ੍ਹਾਂ ਨੇ ਡਾ. ਕੇਡੀ ਸਿੰਘ ਅਤੇ ਉਨ੍ਹਾਂ ਦੀ ਟੀਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਡਾ. ਕੇਡੀ ਸਿੰਘ ਪੇਂਡੂ ਖੇਤਰਾਂ ਵਿੱਚ ਅੱਖਾਂ ਦੇ ਮੁਫਤ ਜਾਂਚ ਕੈਂਪ ਲਗਾ ਕੇ ਲੋੜਵੰਦ ਆਮ ਲੋਕਾਂ ਦੀ ਸੇਵਾ ਕਰ ਰਹੇ ਹਨ, ਉਹ ਇਕ ਚੰਗਾ ਉਪਰਾਲਾ ਹੈ ਅਤੇ ਹੋਰ ਲੋਕਾਂ ਨੂੰ ਵੀ ਡਾ. ਕੇਡੀ ਸਿੰਘ ਤੋਂ ਪ੍ਰੇਰਣਾ ਲੈ ਕੇ ਲੋੜਵੰਦਾਂ ਦੀ ਸਹਾਇਤਾ ਲਈ ਅੱਗੇ ਆਉਣਾ ਚਾਹੀਦਾ ਹੈ। ਡਾ. ਕੇਡੀ ਸਿੰਘ ਨੇ ਕੈਂਪ ਵਿੱਚ ਆਉਣ ਤੇ ਮੁੱਖ ਮਹਿਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਹਸਪਤਾਲ ਲੋੜਵੰਦਾਂ ਦੀ ਸਹਾਇਤਾ ਲਈ ਹਮੇਸ਼ਾ ਤਤਪਰ ਰਹਿੰਦਾ ਹੈ। ਉਨ੍ਹਾਂ ਨੇ ਜ਼ਿਲ੍ਹਾ ਪ੍ਰਧਾਨ ਸ਼ਮਸ਼ੇਰ ਸਿੰਘ ਨੂੰ ਵੀ ਭਰੋਸਾ ਦਿਵਾਇਆ ਕਿ ਉਹ ਜਿਸ ਕਿਸੇ ਲੋੜਵੰਦ ਵਿਅਕਤੀ ਨੂੰ ਵੀ ਉਨ੍ਹਾਂ ਕੋਲ ਇਲਾਜ ਲਈ ਭੇਜਣਗੇ ਉਨ੍ਹਾਂ ਦੇ ਹਸਪਤਾਲ ਵੱਲੋਂ ਵਿਅਕਤੀ ਦੀ ਹੈਸੀਅਤ ਅਨੁਸਾਰ ਘੱਟ ਤੋਂ ਘੱਟ ਖਰਚੇ ਇੱਥੋਂ ਤੱਕ ਕਿ ਜੇਕਰ ਜ਼ਰੂਰਤ ਹੋਵੇਗੀ ਤਾਂ ਮੁਫਤ ਇਲਾਜ ਵੀ ਕੀਤਾ ਜਾਵੇਗਾ। ਇਸ ਮੌਕੇ ਕੇਡੀ ਹਸਪਤਾਲ ਪਠਾਨਕੋਟ ਵੱਲੋਂ ਮੁੱਖ ਮਹਿਮਾਨ ਸਣੇ ਹੋਰਨਾਂ ਮਹਿਮਾਨਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ. ਕੇਡੀ ਸਿੰਘ ਦੇ ਸਹਾਇਕ ਸਤਨਾਮ ਸਿੰਘ, ਮਨਮੋਹਨ ਸਿੰਘ ਧਮਰਾਈ, ਠਾਕੁਰ ਪ੍ਰਦੀਪ ਸਿੰਘ, ਪਰਮਿੰਦਰ ਸਿੰਘ ਬਿੱਟੂ, ਅਨੂ ਸ਼ਰਮਾ, ਵਿਜੇ ਕੈਂਪ, ਸੋਨੂ ਸਿੰਘ, ਗੋਰਾ ਕੱਤੋਵਾਲ, ਬਾਪੂ ਬਲਦੇਵ ਸਿੰਘ, ਅੰਗਰੇਜ ਸਿੰਘ, ਕਾਜਲ ਪੱਖੋਵਾਲ, ਰਾਜ ਕੁਮਾਰ ਅਵਾਂਖਾ, ਰਜਿੰਦਰ ਮਗਰਾਲਾ, ਸੂਬਾ ਸਿੰਘ, ਗੁਰਨਾਮ ਸਿੰਘ ਸਿੰਘੋਵਾਲ, ਮਸਤਾਨ ਸਿੰਘ, ਗੌਰਵ ਧੀਰ, ਭਜਨ ਸਿੰਘ ਅਤੇ ਨਿਰਮਲ ਸਿੰਘ ਵੀ ਹਾਜ਼ਰ ਸਨ।

ਕਿਸ਼ੋਰ ਸਿਹਤ ਅਤੇ ਤੰਦਰੁਸਤ ਦਿਵਸ ਮਨਾਇਆ

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਐੱਸਐੱਮਓ ਡਾ. ਲਖਵਿੰਦਰ ਸਿੰਘ ਫਤਿਹਗੜ੍ਹ ਚੂੜੀਆਂ ਦੀ ਯੋਗ ਅਗਵਾਈ ਹੇਠ ਹੈਲਥ ਐਂਡ ਵੈੱਲਨੈੱਸ ਸੈਂਟਰ ਰਿਆਲੀ ਕਲਾਂ ਵੱਲੋਂ ਸਰਕਾਰੀ ਹਾਈ ਸਕੂਲ ਮਰੜੀ ਕਲਾਂ ਵਿਖੇ ਕਿਸ਼ੋਰ ਸਿਹਤ ਅਤੇ ਤੰਦਰੁਸਤ ਦਿਵਸ ਮਨਾਇਆ ਗਿਆ, ਜਿਸ ਵਿੱਚ ਸੀਐੱਚਓ ਕੋਮਲਪ੍ਰੀਤ ਡੁਲਟ ਵੱਲੋਂ ਬੱਚਿਆਂ ਨਾਲ ਕਿਸ਼ੋਰ ਅਵਸਥਾ ਵਿੱਚ ਸਰੀਰਕ ਅਤੇ ਮਾਨਸਿਕ ਬਦਲਾਅ ਬਾਰੇ ਚਰਚਾ ਕੀਤੀ ਗਈ। ਅਨੀਮੀਆ ਸੰਤੁਲਿਤ ਆਹਾਰ, ਨਰੋਈ ਸਿਹਤ ਬਾਰੇ ਬਹੁਤ ਵਿਸਥਾਰ ਸਹਿਤ ਬੱਚਿਆਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ ਅਤੇ ਬੱਚਿਆਂ ਨੂੰ ਇਨਾਮ ਵੀ ਵੰਡੇ ਗਏ। ਇਸ ਮੌਕੇ ਐੱਮਪੀਐੱਚਡਬਲਯੂ ਕਮਲਜੀਤ ਸਿੰਘ, ਆਸ਼ਾ ਵਰਕਰ ਜਗਦੀਪ ਕੌਰ, ਕੁਲਵਿੰਦਰ ਕੌਰ, ਬਲਜੀਤ ਕੌਰ ਹੈਲਥ ਟੀਮ ਵਜੋਂ ਹਾਜ਼ਰ ਸਨ। ਇਸ ਸੈਮੀਨਾਰ ਨੂੰ ਸਹੀ ਢੰਗ ਨਾਲ ਪੇਸ਼ ਕਰਨ ਵਿੱਚ ਸਰਕਾਰੀ ਹਾਈ ਸਕੂਲ ਮਰੜ ਦੇ ਪ੍ਰਿੰ. ਰਵੀ ਭੂਸ਼ਨ, ਪ੍ਰਦੀਪ ਕੁਮਾਰ ਅਤੇ ਸਕੂਲ ਸਟਾਫ ਵੱਲੋਂ ਪੂਰਾ ਸਹਿਯੋਗ ਦਿੱਤਾ ਗਿਆ। ਹੈੱਲਥ ਵੈੱਲਨੈੱਸ ਟੀਮ ਵੱਲੋਂ ਸਕੂਲ ਸਟਾਫ ਨੂੰ ਸਨਮਾਨਿਤ ਕੀਤਾ ਗਿਆ। ਪ੍ਰਿੰ. ਰਵੀ ਭੂਸ਼ਨ ਵੱਲੋਂ ਆਈ ਟੀਮ ਦਾ ਧੰਨਵਾਦ ਕੀਤਾ ਗਿਆ।

ਸਕੌਡਾ ਆਟੋ ਇੰਡੀਆ ਵੱਲੋਂ ਨਵੇਂ ਪ੍ਰੋਡਕਟ ਓਫੈਂਸਿਵ ਲਾਂਚ

ਅੰਮ੍ਰਿਤਸਰ-ਸਕੌਡਾ ਆਟੋ ਇੰਡੀਆ ਭਾਰਤ ਵਿੱਚ ਸਭ ਤੋਂ ਸੁਰੱਖਿਅਤ ਕਾਰਾਂ ਦੇ ਉਤਪਾਦਕ ਵਜੋਂ ਆਪਣਾ ਰਾਜ ਜਾਰੀ ਰੱਖਦੀ ਹੈ ਅਤੇ ਬਾਲਗਾਂ ਅਤੇ ਬੱਚਿਆਂ ਦੋਵਾਂ ਲਈ 5-ਸਟਾਰ-ਦਰਜੇ ਵਾਲੀਆਂ ਕਾਰਾਂ ਨਾਲ ਭਰਪੂਰ ਹੈ, ਅਤੇ ਇਸਦੇ ਨਾਲ ਹੀ ਇਸ ਦੀਆਂ ਉਤਪਾਦ ਕਾਰਵਾਈਆਂ 2023 ਵਿੱਚ ਲਗਾਤਾਰ ਜਾਰੀ ਹਨ। ਇਸ ਵਾਰ ਤਿਉਹਾਰਾਂ ਦੇ ਸੀਜ਼ਨ ਲਈ ਇੱਕ ਵਿਸਤ੍ਰਿਤ ਪੋਰਟਫੋਲੀਓ, ਤਿਉਹਾਰਾਂ ਦੀ ਮਿਆਦ ਦੀ ਆਕਰਸ਼ਕ ਕੀਮਤ, ਕਾਰਾਂ ਵਿੱਚ ਬਹੁਤ ਸਾਰੀਆਂ ਨਵੀਆਂ ਵਿਸ਼ੇਸ਼ਤਾਵਾਂ ਅਤੇ ਇੱਕ ਬਿਲਕੁਲ ਨਵੀਂ ਸਲਾਵੀਆ ਮੈਟ ਐਡੀਸ਼ਨ ਦੇ ਰੂਪ ਵਿੱਚ ਪੇਸ਼ ਹੋ ਰਹੀ ਹੈ। ਵਿਸਤ੍ਰਿਤ ਪੋਰਟਫੋਲੀਓ ਸਬੰਧੀ ਬੋਲਦੇ ਹੋਏ ਸਕੌਡਾ ਆਟੋ ਇੰਡੀਆ ਦੇ ਬ੍ਰਾਂਡ ਨਿਰਦੇਸ਼ਕ ਪੇਟਰ ਸ਼ਲੋਕ ਨੇ ਕਿਹਾ ਕਿ ਸਾਡੇ ਪ੍ਰੋਡਕਟ ਓਫੈਂਸਿਵ ਦਾ ਉਦੇਸ਼ ਸਕੌਡਾ ਪਰਿਵਾਰ ਵਿੱਚ ਵਧੇਰੇ ਗਾਹਕਾਂ ਦਾ ਸੁਆਗਤ ਕਰਨਾ ਹੈ ਅਤੇ ਇਹ ਦੇਸ਼ ਵਿੱਚ ਤਿਉਹਾਰਾਂ ਦੀ ਭਾਵਨਾ ਨਾਲ ਮੇਲ ਖਾਂਦਾ ਹੈ। ਸਾਡੀ ਕੋਸ਼ਿਸ਼ ਹਮੇਸ਼ਾ ਸਾਡੇ ਗਾਹਕਾਂ ਨੂੰ ਸਭ ਤੋਂ ਸੁਰੱਖਿਅਤ ਪਰਿਵਾਰਕ ਕਾਰਾਂ ਪ੍ਰਦਾਨ ਕਰਨ ਅਤੇ ਸਾਡੇ ਉਤਪਾਦਾਂ ਅਤੇ ਸੇਵਾਵਾਂ ਨਾਲ ਗਾਹਕਾਂ ਦੀ ਉੱਚ ਪੱਧਰੀ ਸੰਤੁਸ਼ਟੀ ਨੂੰ ਯਕੀਨੀ ਬਣਾਉਣ ਦੀ ਰਹੀ ਹੈ।

ਮਾਨਵ ਕਰਮ ਮਿਸ਼ਨ ਦਾ ਵਫਦ ਲਾਵਾਰਿਸ ਲਾਸ਼ਾਂ ਦੀਆਂ ਅਸਥੀਆਂ ਲੈ ਕੇ ਹਰਿਦੁਆਰ ਰਵਾਨਾ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਮਾਨਵ ਕਰਮ ਮਿਸ਼ਨ ਸ਼ਿਵ ਭੂਮੀ ਬਟਾਲਾ ਰੋਡ ਗੁਰਦਾਸਪੁਰ ਦੇ ਮਾਨਵਤਾ ਦੀ ਸੇਵਾ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ ਮਿਸ਼ਨ ਦਾ ਵਫਦ ਚੇਅਰਮੈਨ ਸੁਭਾਸ਼ ਭੰਡਾਰੀ ਦੀ ਅਗਵਾਈ ਹੇਠ ਹਰਿਦੁਆਰ ਵਿਖੇ ਲਾਵਾਰਿਸ ਲਾਸ਼ਾਂ ਦੇ ਵਿਸਰਜਨ ਲਈ ਰਵਾਨਾ ਹੋਇਆ। ਇਸ ਮੌਕੇ ਮਿਸ਼ਨ ਦੇ ਅਹੁਦੇਦਾਰ ਜੁਗਲ ਕਿਸ਼ੋਰ, ਵਰੁਣ ਮਿੱਠੂ, ਦਿਨੇਸ਼ ਸ਼ਰਮਾ, ਪਵਨ ਵਰਮਾ, ਸਤੀਸ਼ ਗੁਪਤਾ, ਰਵੀ ਕੁਮਾਰ, ਮੁਕੇਸ਼ ਸ਼ਰਮਾ, ਵਿਪਨ ਗੁਪਤਾ, ਹਰਦੀਪ ਸਿੰਘ ਬੰਟੀ, ਦਿਨੇਸ਼ ਨੰਦਾ, ਮੁਕੇਸ਼ ਮਹਾਜਨ ਅਤੇ ਅਸ਼ੋਕ ਕੌਸ਼ਲ ਵੀ ਉਨ੍ਹਾਂ ਦੇ ਨਾਲ ਸਨ। ਹਰਿਦੁਆਰ ਜਾਣ ਤੋਂ ਪਹਿਲਾਂ ਰੇਲਵੇ ਸਟੇਸ਼ਨ 'ਤੇ ਗੱਲਬਾਤ ਕਰਦਿਆਂ ਮਿਸ਼ਨ ਦੇ ਚੇਅਰਮੈਨ ਸੁਭਾਸ਼ ਭੰਡਾਰੀ ਅਤੇ ਅਹੁਦੇਦਾਰਾਂ ਨੇ ਦੱਸਿਆ ਕਿ ਸ਼ਿਵ ਭੂਮੀ ਬਟਾਲਾ ਰੋਡ ਵਿਖੇ ਪਿਛਲੇ 6 ਮਹੀਨਿਆਂ ਦੌਰਾਨ ਸੰਸਕਾਰ ਕੀਤੀਆਂ ਗਈਆਂ ਲਾਵਾਰਿਸ ਲਾਸ਼ਾਂ ਦੀਆਂ ਅਸਥੀਆਂ ਨੂੰ ਸਨਾਤਨ ਧਰਮ ਅਨੁਸਾਰ ਅਗਨ ਭੇਟ ਕੀਤਾ ਗਿਆ ਅਤੇ ਮਿਸ਼ਨ ਹਰ ਛੇ ਮਹੀਨਿਆਂ ਬਾਅਦ ਲਾਵਾਰਿਸ ਲਾਸ਼ਾਂ ਦੀਆਂ ਅਸਥੀਆਂ ਹਰਿਦੁਆਰ ਲੈ ਜਾਂਦਾ ਹੈ। ਉਨ੍ਹਾਂ ਕਿਹਾ ਕਿ ਹਰਿਦੁਆਰ ਪਹੁੰਚ ਕੇ ਰੀਤੀ ਰਿਵਾਜਾਂ ਅਨੁਸਾਰ ਅਸਥੀਆਂ ਨੂੰ ਪੰਡਿਤਾਂ ਵੱਲੋਂ ਵਿਸਰਜਤ ਕਰਵਾਇਆ ਜਾਂਦਾ ਹੈ ਤਾਂ ਜੋ ਮ੍ਰਿਤਕ ਦੀ ਆਤਮਾ ਨੂੰ ਸ਼ਾਂਤੀ ਮਿਲ ਸਕੇ।

ਡੇਂਗੂ/ਚਿਕਨਗੁਨੀਆ ਬਾਰੇ ਸਕੂਲੀ ਬੱਚਿਆਂ ਨੂੰ ਕੀਤਾ ਜਾਗਰੂਕ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੰਜਾਬ ਸਰਕਾਰ ਦੀ ਮੁਹਿੰਮ ਡੇਂਗੂ 'ਤੇ ਵਾਰ ਹਰ ਸ਼ੁੱਕਰਵਾਰ ਤਹਿਤ ਬੀਬੀ ਸੁੰਦਰੀ ਸੀਨੀਅਰ ਸੈਕੰਡਰੀ ਸਕੂਲ ਕਾਹਨੂੰਵਾਨ ਵਿਖੇ ਦਲੀਪ ਰਾਜ ਹੈਲਥ ਇੰਸਪੈਕਟਰ ਨੇ ਬੱਚਿਆਂ ਨੂੰ ਡੇਂਗੂ ਤੇ ਚਿਕਨਗੁਨੀਆ ਬਾਰੇ ਦੱਸਿਆ ਕਿ ਇਹ ਬਿਮਾਰੀ ਏਡੀਜ਼ ਐਜਿਪਟੀ ਫੀਮੇਲ ਮੱਛਰ ਦੇ ਕੱਟਣ ਨਾਲ ਹੁੰਦੀ ਹੈ। ਇਹ ਮੱਛਰ ਸਾਫ ਖੜ੍ਹੇ ਪਾਣੀ ਵਿਚ ਪੈਦਾ ਹੁੰਦਾ ਹੈ। ਇਸ ਲਈ ਹਰ ਸ਼ੁੱਕਰਵਾਰ ਆਪਣੇ ਘਰ ਵਿਚ ਡਰਾਈ ਡੇਅ ਐਕਟੀਵਿਟੀ ਕੀਤੀ ਜਾਵੇ ਅਤੇ ਮੱਛਰ ਦਾ ਲਾਰਵਾ ਨਸ਼ਟ ਕੀਤਾ ਜਾਵੇ। ਬੁਖਾਰ ਹੋਣ ਦੀ ਸੂਰਤ ਵਿੱਚ ਨੇੜੇ ਦੇ ਸਿਹਤ ਕੇਂਦਰ ਦੇ ਡਾਕਟਰ ਤੋਂ ਇਲਾਜ ਕਰਵਾਇਆ ਜਾਵੇ। ਇਸ ਮੌਕੇ ਲਖਬੀਰ ਸਿੰਘ ਸਿਹਤ ਕਰਮਚਾਰੀ ਅਤੇ ਸਕੂਲ ਸਟਾਫ ਹਾਜ਼ਰ ਸੀ।

ਸਿੰਘ ਸਭਾ ਲਹਿਰ ਦੀ 150ਵੀਂ ਵਰ੍ਹੇਗੰਢ ਸਬੰਧੀ ਸੈਮੀਨਾਰ 13 ਨੂੰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਚੀਫ਼ ਖ਼ਾਲਸਾ ਦੀਵਾਨ ਧਰਮ ਪ੍ਰਚਾਰ ਕਮੇਟੀ ਅਤੇ ਸ੍ਰੀ ਗੁਰੂ ਸਿੰਘ ਸਭਾ (ਰਜਿ:) ਵਲੋਂ ਸਾਂਝੇ ਤੌਰ 'ਤੇ ਸਿੰਘ ਸਭਾ ਲਹਿਰ ਦੀ 150ਵੀਂ ਵਰ੍ਹੇਗੰਢ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ 13 ਅਕਤੂਬਰ 2023 ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਜੀ. ਟੀ. ਰੋਡ ਦੇ ਸੈਮੀਨਾਰ ਹਾਲ ਵਿਚ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਸਬੰਧੀ ਦੀਵਾਨ ਦੇ ਮੁੱਖ ਦਫ਼ਤਰ ਵਿਖੇ ਧਰਮ ਪ੍ਰਚਾਰ ਕਮੇਟੀ ਦੀ ਇਕ ਵਿਸ਼ੇਸ਼ ਇਕੱਤਰਤਾ ਦਾ ਆਯੋਜਨ ਕੀਤਾ ਗਿਆ ਜਿਸ ਦਾ ਆਰੰਭ ਮੂਲ ਮੰਤਰ ਦੇ ਪਾਠ ਨਾਲ ਕਰਨ ਉਪਰੰਤ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸਾਹਿਬਾਨ ਤਰਲੋਚਨ ਸਿੰਘ, ਬੀਬੀ ਕਿਰਨਜੋਤ ਕੌਰ ਅਤੇ ਹਰਮਨਜੀਤ ਸਿੰਘ ਵੱਲੋਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਗਿਆ ਕਿ ਦੀਵਾਨ ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਖੀ ਪ੍ਰਚਾਰ-ਪ੍ਰਸਾਰ ਨੂੰ ਪ੍ਰਚੰਡ ਕਰਨ ਅਤੇ ਨਵੀਂ ਪਨੀਰੀ ਨੂੰ ਸਿੱਖ ਧਰਮ ਤੇ ਵਿਰਸੇ ਨਾਲ ਜੋੜਨ ਲਈ ਵਿਸ

8-oct-PAGE-4-2.qxd 10/8/2023 10:06 PM Page 1

ਨਵਾਂ ਜ਼ਮਾਨਾ
ਸੋਮਵਾਰ, 9 ਅਕਤੂਬਰ 2023

ਇਜ਼ਰਾਈਲ ਬਨਾਮ ਫਲਸਤੀਨ

ਇਜ਼ਰਾਈਲ 'ਤੇ ਹਮਾਸ ਦੇ ਤਾਜ਼ਾ ਹਮਲੇ ਤੋਂ ਬਾਅਦ ਇਜ਼ਰਾਈਲ-ਫਲਸਤੀਨ ਵਿਵਾਦ ਫਿਰ ਤੋਂ ਸੰਸਾਰ ਸਿਆਸਤ ਦਾ ਕੇਂਦਰ ਬਿੰਦੂ ਬਣ ਗਿਆ ਹੈ। ਹਮਾਸ ਦੇ ਹਮਲੇ ਤੋਂ ਬਾਅਦ ਇਜ਼ਰਾਈਲ ਨੇ ਯੁੱਧ ਦਾ ਐਲਾਨ ਕਰ ਦਿੱਤਾ ਹੈ। ਹੁਣ ਤੱਕ ਦੋਹਾਂ ਪਾਸਿਆਂ ਦੇ ਸੈਂਕੜੇ ਨਾਗਰਿਕ ਮਾਰੇ ਜਾ ਚੁੱਕੇ ਹਨ ਤੇ ਕਈ ਹਜ਼ਾਰ ਫੱਟੜ ਹੋ ਗਏ ਹਨ।

ਇਸ ਝਗੜੇ ਬਾਰੇ ਗੱਲ ਕਰਨ ਤੋਂ ਪਹਿਲਾਂ ਸਾਨੂੰ ਇਸ ਦੇ ਇਤਿਹਾਸ 'ਤੇ ਨਜ਼ਰ ਮਾਰਨੀ ਪਵੇਗੀ। ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਇਜ਼ਰਾਈਲ ਨਾਂਅ ਦਾ ਕੋਈ ਦੇਸ਼ ਨਹੀਂ ਸੀ। ਸਮੁੱਚਾ ਫਲਸਤੀਨ ਫਲਸਤੀਨੀ ਵਸੋਂ ਦਾ ਸੀ, ਜਿਸ ਵਿੱਚ 6 ਫੀਸਦੀ ਯਹੂਦੀ ਤੇ ਬਾਕੀ ਅਬਾਦੀ ਅਰਬਾਂ ਦੀ ਸੀ। ਪਹਿਲੀ ਸੰਸਾਰ ਜੰਗ ਵਿੱਚ ਫਲਸਤੀਨ ਉੱਤੇ ਬਰਤਾਨੀਆ ਨੇ ਕਬਜ਼ਾ ਕਰ ਲਿਆ ਸੀ। ਬਰਤਾਨਵੀ ਸਾਮਰਾਜ ਦੀ ਹਰ ਥਾਂ ਉੱਤੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਰਹੀ ਹੈ। ਉਹ ਹਰ ਦੇਸ਼ ਵਿੱਚੋਂ ਨਿਕਲੇ ਵੀ ਤਾਂ ਸੇਹ ਦਾ ਤਕਲਾ ਗੱਡ ਕੇ। ਫਲਸਤੀਨ ਉੱਤੇ ਕਬਜ਼ੇ ਤੋਂ ਬਾਅਦ ਉਨ੍ਹਾਂ ਯੂਰਪ ਵਿੱਚੋਂ ਯਹੂਦੀ ਅਬਾਦੀ ਨੂੰ ਕੱਢ ਕੇ ਫਲਸਤੀਨ ਵਿੱਚ ਵਸਾਉਣਾ ਸ਼ੁਰੂ ਕਰ ਦਿੱਤਾ। ਦੂਜੀ ਸੰਸਾਰ ਜੰਗ ਵਿੱਚ ਹਿਟਲਰ ਵੱਲੋਂ ਯਹੂਦੀਆਂ ਦੇ ਨਸਲਘਾਤ ਕਾਰਨ ਯਹੂਦੀ ਫਲਸਤੀਨ ਵਿੱਚ ਵੱਡੀ ਗਿਣਤੀ ਵਿੱਚ ਆਉਣੇ ਸ਼ੁਰੂ ਹੋ ਗਏ। ਇਸ ਦਾ ਇੱਕ ਕਾਰਨ ਇਹ ਵੀ ਸੀ ਕਿ ਯਹੂਦੀ ਯੇਰੂਸ਼ਲਮ ਨੂੰ ਮੁਸਲਮਾਨਾਂ ਵਾਂਗ ਹੀ ਆਪਣਾ ਪਵਿੱਤਰ ਸ਼ਹਿਰ ਮੰਨਦੇ ਹਨ।

ਬਰਤਾਨਵੀ ਸ਼ਾਸਨ ਅਧੀਨ ਫਲਸਤੀਨ ਦੀ ਮੂਲ ਅਰਬ ਅਬਾਦੀ ਨੂੰ ਦੇਸ਼ ਨਿਕਾਲਾ ਦੇ ਕੇ ਗੁਆਂਢੀ ਮੁਲਕਾਂ ਵਿੱਚ ਸ਼ਰਨ ਲੈਣ ਲਈ ਮਜਬੂਰ ਕਰ ਦਿੱਤਾ ਗਿਆ। ਉਨ੍ਹਾਂ ਦੀ ਥਾਂ ਯਹੂਦੀਆਂ ਨੂੰ ਵਸਾ ਦਿੱਤਾ ਗਿਆ। ਦੇਸ਼ ਬਦਰ ਹੋਏ ਫਲਸਤੀਨੀ ਆਪਣੀ ਅਜ਼ਾਦੀ ਲਈ ਲਗਾਤਾਰ ਲੜਦੇ ਰਹੇ। 29 ਨਵੰਬਰ 1947 ਨੂੰ ਸੰਯੁਕਤ ਰਾਸ਼ਟਰ ਨੇ ਇੱਕ ਮਤੇ ਰਾਹੀਂ ਬਰਤਾਨਵੀ ਸ਼ਾਸਨ ਅਧੀਨ ਫਲਸਤੀਨ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਅਗਲੇ ਸਾਲ 14 ਮਈ 1948 ਨੂੰ ਇਜ਼ਰਾਈਲ ਨੇ ਆਪਣੀ ਅਜ਼ਾਦੀ ਦਾ ਐਲਾਨ ਕਰ ਦਿੱਤਾ। ਇਸ ਦੇ ਨਾਲ ਹੀ ਅਰਬਾਂ ਦੇਸ਼ਾਂ ਨੇ ਹਮਲਾ ਕਰ ਦਿੱਤਾ। ਇੱਕ ਸਾਲ ਲੰਮੀ ਲੜਾਈ ਤੋਂ ਬਾਅਦ ਅਰਬ ਦੀ ਹਾਰ ਹੋ ਗਈ। ਉਸ ਉਪਰੰਤ ਦੇਸ਼ ਨੂੰ ਤਿੰਨ ਹਿੱਸਿਆਂ ਇਜ਼ਰਾਈਲ, ਵੈੱਸਟ ਬੈਂਕ ਤੇ ਗਾਜ਼ਾ ਪੱਟੀ ਵਿੱਚ ਵੰਡ ਦਿੱਤਾ ਗਿਆ। ਯੇਰੂਸ਼ਲਮ ਨੂੰ ਸੰਯੁਕਤ ਰਾਸ਼ਟਰ ਦੇ ਅਧੀਨ ਰੱਖਿਆ ਗਿਆ। ਇਸ ਵੰਡ ਅਧੀਨ ਵੈੱਸਟ ਬੈਂਕ ਤੇ ਗਾਜ਼ਾ ਪੱਟੀ ਫਲਸਤੀਨੀਆਂ ਨੂੰ ਤੇ ਬਾਕੀ ਦੇਸ਼ ਇਜ਼ਰਾਈਲ ਯਹੂਦੀਆਂ ਨੂੰ ਦਿੱਤਾ ਗਿਆ। ਵੈੱਸਟ ਬੈਂਕ ਵਾਲੇ ਫਲਸਤੀਨੀ ਹਿੱਸੇ ਉਤੇ ਫਤਿਹ ਪਾਰਟੀ ਦੀ ਸਰਕਾਰ ਹੈ ਤੇ ਗਾਜ਼ਾ ਪੱਟੀ ਵਾਲੇ ਹਿੱਸੇ ਉੱਤੇ ਹਮਾਸ ਦਾ ਕਬਜ਼ਾ ਹੈ। ਪਿਛਲੇ ਸਾਰੇ ਅਰਸੇ ਦੌਰਾਨ ਇਜ਼ਰਾਈਲ ਲਗਾਤਾਰ ਫਲਸਤੀਨੀ ਹਿੱਸਿਆਂ ਉਤੇ ਹਮਲੇ ਕਰਦਾ ਆ ਰਿਹਾ ਹੈ। ਇਜ਼ਰਾਈਲ ਨੇ 1967 ਵਿੱਚ ਗਾਜ਼ਾ ਪੱਟੀ ਉੱਤੇ ਹਮਲਾ ਕਰਕੇ ਅਗਲੇ 25 ਸਾਲ ਉਸ ਨੂੰ ਆਪਣੇ ਕਬਜ਼ੇ ਵਿੱਚ ਰੱਖਿਆ। 1993 ਵਿੱਚ ਹੋਏ ਓਸਲੋ ਸਮਝੌਤੇ ਅਧੀਨ ਇਜ਼ਰਾਈਲ ਨੇ ਗਾਜ਼ਾ ਪੱਟੀ ਵਿੱਚੋਂ ਆਪਣੀਆਂ ਫੌਜਾਂ ਕੱਢ ਲਈਆਂ ਸਨ। ਵਾਰ-ਵਾਰ ਹੋਏ ਸਮਝੌਤਿਆਂ ਦੇ ਬਾਵਜੂਦ ਅੱਜ ਵੀ ਫਲਸਤੀਨ ਨੂੰ ਵੱਖਰੇ ਦੇਸ਼ ਵਜੋਂ ਮਾਨਤਾ ਨਹੀਂ ਹੈ। ਲੱਖਾਂ ਫਲਸਤੀਨੀ ਰਫਿਊਜ਼ੀ ਹਨ। 2006 ਵਿੱਚ ਹਮਾਸ ਨੇ ਚੋਣਾਂ ਜਿੱਤ ਕੇ ਗਾਜ਼ਾ ਪੱਟੀ ਦੀ ਸੱਤਾ ਹਾਸਲ ਕਰ ਲਈ ਸੀ। ਗਾਜ਼ਾ ਪੱਟੀ ਵਿੱਚ ਆਪਣੇ ਡੇਢ ਦਹਾਕੇ ਦੇ ਰਾਜ ਦੌਰਾਨ ਹਮਾਸ ਤੇ ਇਜ਼ਰਾਈਲ ਵਿਚਕਾਰ ਲਗਾਤਾਰ ਸੰਘਰਸ਼ ਹੁੰਦਾ ਰਿਹਾ ਹੈ। ਦੋਹਾਂ ਪਾਸਿਆਂ ਦੇ ਹਜ਼ਾਰਾਂ ਲੋਕ ਮਾਰੇ ਜਾ ਚੁੱਕੇ ਹਨ। ਇਸ ਵਾਰ ਵੀ ਹਮਾਸ ਨੇ ਇੱਥੋਂ ਹੀ ਹਮਲਾ ਕੀਤਾ ਹੈ। ਸਾਡਾ ਦੇਸ਼ ਹਮੇਸ਼ਾ ਤੋਂ ਫਲਸਤੀਨੀਆਂ ਦੀ ਅਜ਼ਾਦੀ ਦੀ ਲੜਾਈ ਵਿੱਚ ਉਨ੍ਹਾਂ ਨਾਲ ਖੜ੍ਹਾ ਰਿਹਾ ਹੈ। ਅਜੋਕੀ ਸਰਕਾਰ ਇਜ਼ਰਾਈਲ ਪ੍ਰਤੀ ਲੋੜੋਂ ਵੱਧ ਉਲਾਰ ਹੈ। ਇਸ ਮੁੱਦੇ ਉੱਤੇ ਅਸੀਂ ਭਾਜਪਾ ਦੇ ਵੱਡੇ ਆਗੂ ਤੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦਾ 1977 ਵਿੱਚ ਦਿੱਤਾ ਗਿਆ ਭਾਸ਼ਣ ਪੇਸ਼ ਕਰ ਰਹੇ ਹਾਂ। ਇਹ ਉਹ ਸਮਾਂ ਸੀ, ਜਦੋਂ ਮੁਰਾਰਜੀ ਡਿਸਾਈ ਦੀ ਅਗਵਾਈ ਹੇਠ ਜਨਤਾ ਪਾਰਟੀ ਦੀ ਸਰਕਾਰ ਬਣੀ ਸੀ।

ਪ੍ਰਸਾਰ ਭਾਰਤੀ ਦੇ ਵਾਇਰਲ ਵੀਡੀਓ ਅਨੁਸਾਰ ਅਟਲ ਬਿਹਾਰੀ ਕਹਿੰਦੇ ਹਨ, 'ਇਹ ਕਿਹਾ ਜਾ ਰਿਹਾ ਹੈ ਕਿ ਜਨਤਾ ਪਾਰਟੀ ਸਰਕਾਰ ਬਣ ਗਈ ਹੈ, ਉਹ ਅਰਬਾਂ ਦਾ ਸਾਥ ਨਹੀਂ ਦੇਵੇਗੀ, ਇਜ਼ਰਾਈਲ ਦਾ ਸਾਥ ਦੇਵੇਗੀ। ਸਤਿਕਾਰਯੋਗ ਮੁਰਾਰਜੀ ਭਾਈ ਸਥਿਤੀ ਸਪੱਸ਼ਟ ਕਰ ਚੁੱਕੇ ਹਨ। ਗਲਤਫਹਿਮੀ ਨੂੰ ਦੂਰ ਕਰਨ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਹਰ ਸੁਆਲ ਨੂੰ ਗੁਣ ਤੇ ਔਗੁਣ ਦੇ ਅਧਾਰ ਉੱਤੇ ਦੇਖਾਂਗੇ, ਪ੍ਰੰਤੂ ਮੱਧ-ਪੂਰਬ ਬਾਰੇ ਸਥਿਤੀ ਸਾਫ਼ ਹੈ ਕਿ ਅਰਬਾਂ ਦੀ ਜਿਸ ਜ਼ਮੀਨ ਉੱਤੇ ਇਜ਼ਰਾਈਲ ਕਬਜ਼ਾ ਕਰੀ ਬੈਠਾ ਹੈ, ਉਹ ਜ਼ਮੀਨ ਉਸ ਨੂੰ ਖਾਲੀ ਕਰਨੀ ਹੋਵੇਗੀ।'

'ਹਮਲਾਵਰ ਹਮਲੇ ਦੇ ਫਲ ਚੱਖੇ, ਇਹ ਸਾਨੂੰ ਸਵੀਕਾਰ ਨਹੀਂ। ਜੋ ਨਿਯਮ ਸਾਡੇ ਉੱਤੇ ਲਾਗੂ ਹੈ, ਉਹ ਹੋਰਨਾਂ ਉੱਤੇ ਵੀ ਲਾਗੂ ਹੋਵੇਗਾ। ਅਰਬਾਂ ਦੀ ਜ਼ਮੀਨ ਖਾਲੀ ਹੋਣੀ ਚਾਹੀਦੀ ਹੈ।'

ਇਸ ਦੇ ਨਾਲ ਹੀ ਉਨ੍ਹਾ ਇਜ਼ਰਾਈਲ ਬਾਰੇ ਕਿਹਾ, 'ਇਜ਼ਰਾਈਲ ਦੀ ਹੋਂਦ ਨੂੰ ਸੋਵੀਅਤ ਯੂਨੀਅਨ ਤੇ ਅਮਰੀਕਾ ਨੇ ਵੀ ਮੰਨਿਆ ਹੈ, ਅਸੀਂ ਵੀ ਸਵੀਕਾਰ ਕਰ ਚੁੱਕੇ ਹਾਂ।'

ਉਨ੍ਹਾ ਸਥਾਈ ਸ਼ਾਂਤੀ ਦੀ ਵਕਾਲਤ ਕਰਦਿਆਂ ਕਿਹਾ, 'ਮੱਧ-ਪੂਰਬ ਦਾ ਅਜਿਹਾ ਹੱਲ ਕੱਢਣਾ ਪਵੇਗਾ, ਜਿਸ ਵਿੱਚ ਹਮਲਾਵਾਰੀ ਖ਼ਤਮ ਹੋਵੇ, ਤਾਂ ਜੋ ਸਥਾਈ ਸ਼ਾਂਤੀ ਦਾ ਅਧਾਰ ਬਣੇ। ਗਲਤਫਹਿਮੀ ਦੀ ਗੁੰਜਾਇਸ਼ ਕਿੱਥੇ ਹੈ? ਸ਼ਾਇਦ ਬੁਲਾਰੇ ਵਜੋਂ ਮੈਂ ਆਪਣੇ ਅਧਿਕਾਰ ਨੂੰ ਉਲੰਘ ਰਿਹਾ ਹਾਂ। ਨਵੇਂ ਵਿਦੇਸ਼ ਮੰਤਰੀ ਜਦੋਂ ਬਣਨਗੇ, ਉਹ ਸਾਡੀ ਵਿਦੇਸ਼ ਨੀਤੀ ਉਤੇ ਚਾਨਣਾ ਪਾਉਣਗੇ, ਕੁਝ ਕਹਿਣਾ ਹੋਵੇਗਾ ਤਾਂ ਮੁਰਾਰਜੀ ਭਾਈ ਕਹਿਣਗੇ। ਪ੍ਰੰਤੂ ਮੇਰਾ ਸੰਬੰਧ ਅਜਿਹੀ ਪਾਰਟੀ ਨਾਲ ਰਿਹਾ ਹੈ, ਜਿਸ ਦਾ ਹਊਆ ਖੜ੍ਹਾ ਕਰਕੇ ਚੋਣਾਂ ਵਿੱਚ ਇਹ ਕਿਹਾ ਜਾਂਦਾ ਰਿਹਾ ਹੈ ਕਿ ਜਨਤਾ ਪਾਰਟੀ ਉੱਤੇ ਜਨਸੰਘ ਹਾਵੀ ਹੈ ਤੇ ਜਨਸੰਘ ਮੁਸਲਮਾਨਾਂ ਦਾ ਦੁਸ਼ਮਣ ਹੈ। ਕੋਈ ਇਸ ਝੂਠੇ ਪ੍ਰਚਾਰ ਵਿੱਚ ਨਹੀਂ ਆਇਆ, ਇਹ ਖੁਸ਼ੀ ਦੀ ਗੱਲ ਹੈ।'

-ਚੰਦ ਫਤਿਹਪੁਰੀ

ਗਰੀਨ ਹਾਊਸ ਗੈਸਾਂ ਅਤੇ ਬਦਲਦਾ ਮੌਸਮ

ਡਾ. ਅਮਨਪ੍ਰੀਤ ਸਿੰਘ ਬਰਾੜ

ਡਾ. ਪਾਲ ਸਿੰਘ ਸਿੱਧੂ

ਵਾਰ-ਵਾਰ ਬੱਦਲ ਫਟਣੇ, ਅੱਤ ਦੀ ਗਰਮੀ ਅਤੇ ਸਰਦੀ, ਹੜ੍ਹ ਆਉਣੇ ਅਤੇ ਸੋਕਾ ਪੈਣਾ ਬਦਲਦੇ ਮੌਸਮ ਦੀਆਂ ਨਿਸ਼ਾਨੀਆਂ ਹਨ। ਤੇਜ਼ੀ ਨਾਲ ਵਾਤਾਵਰਨ ਵਿੱਚ ਹੋ ਰਹੀ ਤਬਦੀਲੀ ਚਿੰਤਾਜਨਕ ਹੈ। ਅੱਜ ਦੁਨੀਆ ਭਰ ਵਿੱਚ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਦੀ ਕਾਫੀ ਚਰਚਾ ਹੋ ਰਹੀ ਹੈ। ਵਿਕਸਤ ਦੇਸ਼ਾਂ ਵੱਲੋਂ ਉਦਯੋਗਿਕ ਤਰੱਕੀ ਕਰਕੇ ਪੈਦਾ ਕੀਤੀਆਂ ਗਈਆਂ ਗਰੀਨ ਹਾਊਸ ਗੈਸਾਂ ਨਾਲ ਸੰਨ 1750 ਦੇ ਮੁਕਾਬਲੇ ਹੁਣ ਵਾਯੂ ਮੰਡਲ ਦਾ ਤਾਪਮਾਨ 1.3 ਡਿਗਰੀ ਸੈਲਸੀਅਸ ਵਧ ਗਿਆ ਹੈ। ਇਸ ਵਾਧੇ ਨਾਲ ਗਲੇਸ਼ੀਅਰ (ਬਰਫ਼ ਦੇ ਪਹਾੜ) ਪਿਘਲਣੇ ਸ਼ੁਰੂ ਹੋ ਗਏ ਹਨ। ਜੇਕਰ ਸਾਰਥਕ ਕਦਮ ਨਾ ਚੁੱਕੇ ਗਏ ਤਾਂ ਸੰਨ 2050 ਤੱਕ ਇਹ ਵਾਧਾ 2.0 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ। 2015 ਵਿਚ ਪੈਰਿਸ ਵਿੱਚ ਹੋਈ ਸੰਧੀ ਮੁਤਾਬਕ ਇਸ ਨੂੰ 1.5 ਡਿਗਰੀ ਸੈਲਸੀਅਸ 'ਤੇ ਰੋਕਣ ਦਾ ਟੀਚਾ ਮਿਥਿਆ ਗਿਆ ਹੈ, ਜਿਸ ਨਾਲ ਵਾਤਾਵਰਨ ਨੂੰ ਨਿਰੰਤਰਣ ਵਿੱਚ ਰੱਖਿਆ ਜਾ ਸਕਦਾ ਹੈ। ਇਸ ਸੰਧੀ ਦੇ ਮੁਤਾਬਕ ਕਾਫੀ ਵਿਕਸਤ ਦੇਸ਼ਾਂ ਨੇ ਗਰੀਨ ਹਾਊਸ ਗੈਸਾਂ ਨੂੰ 2050 ਤੱਕ ਨੈਟ ਜ਼ੀਰੋ ਪੱਧਰ 'ਤੇ ਲਿਆਉਣਾ ਹੈ, ਜਦਕਿ ਚੀਨ ਨੇ 2060 ਤੱਕ ਅਤੇ ਭਾਰਤ ਕੋਲ 2070 ਤੱਕ ਦਾ ਸਮਾਂ ਹੈ। ਸੋਚਣ ਵਾਲੀ ਗੱਲ ਹੈ ਕਿ ਨੈਟ ਜ਼ੀਰੋ ਪੱਧਰ ਦਾ ਮਤਲਬ ਕੀ ਹੈ। ਨੈਟ ਜ਼ੀਰੋ ਦਾ ਮਤਲਬ ਹੈ ਕਿ ਜਿੰਨੀ ਕਾਰਬਨ ਅਸੀਂ ਆਪਣੀਆਂ ਗਤੀਵਿਧੀਆਂ ਨਾਲ ਵਾਯੂਮੰਡਲ ਵਿੱਚ ਛੱਡਦੇ ਹਾਂ, ਓਨੀ ਹੀ ਕਾਰਬਨ ਵਾਯੂ ਮੰਡਲ ਵਿਚੋਂ ਬਨਾਸਪਤੀ ਜਾਂ ਹੋਰ ਸਾਧਨਾਂ ਨਾਲ ਬਾਹਰ ਕੱਢੀ ਜਾਵੇ। ਹੋਰ ਸਾਧਨਾਂ ਵਿੱਚ ਕਾਰਬਨ ਨੂੰ ਇਕੱਠਾ ਕਰਕੇ ਸਮੰਦਰ ਦੀ ਤਹਿ ਥੱਲੇ ਡੂੰਘਾ ਦੱਬਣਾ ਵੀ ਆਉਂਦਾ ਹੈ।

ਗਰੀਨ ਹਾਊਸ ਗੈਸਾਂ:- ਜਿੰਨੀਆਂ ਗਰੀਨ ਹਾਊਸ ਗੈਸਾਂ ਸਾਡੀਆਂ ਗਤੀਵਿਧੀਆਂ ਨਾਲ ਪੈਦਾ ਹੁੰਦੀਆਂ ਹਨ, ਓਨੀਆਂ ਹੀ ਉਹ ਵਾਤਾਵਰਨ ਵਿੱਚੋਂ ਕੱਢੀਆਂ ਜਾਣੀਆਂ ਚਾਹੀਦੀਆਂ ਹਨ। ਮਤਲਬ ਇਹ ਹੈ ਕਿ ਪਹਿਲਾਂ ਸਾਡੇ ਕਾਰਜ/ਤਕਨੀਕਾਂ ਇਹੋ ਜਿਹੀਆਂ ਹੋਣ, ਜਿਨ੍ਹਾਂ ਨਾਲ ਇਹ ਗੈਸਾਂ ਘੱਟ ਬਣਨ। ਜਿਹੜੀਆਂ ਬਣ ਗਈਆਂ, ਉਨ੍ਹਾਂ ਨੂੰ ਦੋਬਾਰਾ ਬਨਾਸਪਤੀ ਜ਼ਰੀਏ ਵਾਤਾਵਰਨ ਵਿੱਚੋਂ ਬਾਹਰ ਕੱਢ ਲਈਏ। ਹਵਾ ਵਿੱਚ 78 ਪ੍ਰਤੀਸ਼ਤ ਨਾਈਟ੍ਰੋਜਨ, 21 ਪ੍ਰਤੀਸ਼ਤ ਆਕਸੀਜਨ, 0.9 ਪ੍ਰਤੀਸ਼ਤ ਆਰਗੇਨ ਅਤੇ 0.1 ਪ੍ਰਤੀਸ਼ਤ ਹੋਰ ਗੈਸਾਂ ਹਨ। ਅੱਗੋਂ 0.1 ਪ੍ਰਤੀਸ਼ਤ ਵਿੱਚ ਪਾਣੀ (ਸਿੱਲ੍ਹ/ਨਮੀ) (ਵੱਧ ਤੋਂ ਵੱਧ 4%), ਕਾਰਬਨ ਡਾਇਆਕਸਾਈਡ, ਮੀਥੇਨ, ਨੀਉਨ ਅਤੇ ਨਾਈਟਰਸ ਆਕਸਾਈਡ ਵਰਗੀਆਂ ਗੈਸਾਂ (0.036%) ਹਨ। ਕਾਰਬਨ ਡਾਈਆਕਸਾਈਡ, ਮੀਥੇਨ ਅਤੇ ਨਾਈਟਰਸ ਆਕਸਾਈਡ ਗੈਸਾਂ ਨੂੰ ਗਰੀਨ ਹਾਊਸ ਗੈਸਾਂ ਕਿਹਾ ਜਾਂਦਾ ਹੈ। ਇਹ ਗੈਸਾਂ ਧਰਤੀ ਦੇ ਦੁਆਲੇ ਇੱਕ ਕੰਬਲ ਦਾ ਕੰਮ ਕਰਦੀਆਂ ਹਨ ਅਤੇ ਸੂਰਜ ਦੀਆਂ ਕਿਰਨਾਂ ਨੂੰ ਧਰਤੀ ਦੀ ਸਤ੍ਹਾ ਤੋਂ ਰੇਡੀਏਟ ਕਰਕੇ ਵਾਯੂ ਮੰਡਲ ਤੋਂ ਬਾਹਰ ਨਹੀਂ ਜਾਣ ਦਿੰਦੀਆਂ। ਜੇ ਇਹ ਗੈਸਾਂ ਨਾ ਹੋਣ ਤਾਂ ਧਰਤੀ ਦਾ ਤਾਪਮਾਨ -18 ਡਿਗਰੀ ਸੈਲਸੀਅਸ ਹੋ ਜਾਵੇ, ਜਿਹੜਾ ਹੁਣ ਔਸਤ 15 ਡਿਗਰੀ ਸੈਲਸੀਅਸ ਹੈ। ਇਸ ਗਰਮੀ ਕਰਕੇ ਹੀ ਧਰਤੀ 'ਤੇ ਬਨਾਸਪਤੀ ਅਤੇ ਹਰਿਆਵਲ ਹੈ। ਕੁਦਰਤ ਨੇ ਇਹਨਾਂ ਗੈਸਾਂ ਦਾ ਸੰਤੁਲਨ ਬਣਾਇਆ ਹੋਇਆ ਸੀ। ਇਹਨਾਂ ਦੇ ਸਦਕਾ ਗਰਮੀ, ਸਰਦੀ, ਬਾਰਿਸ਼, ਬਰਫ ਅਤੇ ਬਨਸਪਤੀ ਆਦਿ ਦਾ ਸੰਤੁਲਨ ਬਣਿਆ ਹੋਇਆ ਸੀ। ਜਿਵੇਂ-ਜਿਵੇਂ ਮਨੁੱਖ ਦੀ ਅਬਾਦੀ ਵਧਦੀ ਗਈ ਅਤੇ ਕੁਦਰਤੀ ਸਰੋਤਾਂ ਦੇ ਨਾਲ ਲੋੜ ਮੁਤਾਬਕ ਛੇੜ-ਛਾੜ ਹੁੰਦੀ ਗਈ ਤਾਂ ਵਾਯੂ ਮੰਡਲ ਵਿੱਚ ਇਹ ਗੈਸਾਂ ਵਧਣ ਲੱਗੀਆਂ। ਇਹਨਾਂ ਗੈਸਾਂ ਦੇ ਵਧਣ ਨਾਲ ਤਾਪਮਾਨ ਵਧ ਗਿਆ। ਤਾਪਮਾਨ ਵਧਣ ਨਾਲ ਬਨਾਸਪਤੀ ਵਿੱਚ ਤਾਂ ਵਾਧਾ ਹੋ ਸਕਦਾ ਹੈ। ਬਰਫ ਪਿਘਲਣ ਨਾਲ ਧਰਤੀ ਦਾ ਤਾਪਮਾਨ ਹੋਰ ਵਧ ਜਾਵੇਗਾ, ਜਿਸ ਕਰਕੇ ਸਮੁੰਦਰ ਵਿੱਚ ਵੀ ਪਾਣੀ ਵਧ ਜਾਵੇਗਾ, ਜਿਸ ਨਾਲ ਸਮੁੰਦਰ ਦੇ ਕਿਨਾਰਿਆਂ ਤੋਂ ਨੀਵੀਂ ਧਰਤੀ ਪਾਣੀ ਵਿੱਚ ਡੁੱਬ ਜਵੇਗੀ। ਮੌਸਮ ਵਿੱਚ ਤਬਦੀਲੀ ਨੇ ਪਾਣੀ ਦੇ ਚੱਕਰ ਵਿੱਚ ਵੀ ਤਬਦੀਲੀ ਲਿਆਂਦੀ ਹੈ।

ਕਾਰਬਨ ਸਾਈਕਲ:- ਵਾਯੂ ਮੰਡਲ ਤੋਂ ਇਲਾਵਾ ਬਹੁਤੀ ਕਾਰਬਨ ਜ਼ਮੀਨ, ਸਮੁੰਦਰ ਅਤੇ ਬਨਸਪਤੀ ਵਿੱਚ ਹੁੰਦੀ ਹੈ। ਕਾਰਬਨ ਹਰ ਜੀਵ ਵਿੱਚ ਹੁੰਦੀ ਹੈ। ਬੂਟੇ ਆਪਣੀ ਖੁਰਾਕ ਬਣਾਉਣ ਲਈ ਕਾਰਬਨ ਵਰਤਦੇ ਹਨ। ਇਹ ਖੁਰਾਕ ਜਦੋਂ ਜੀਵ ਜੰਤੂ ਖਾਂਦੇ ਹਨ ਅਤੇ ਉਹਨਾਂ ਦੇ ਮਲ-ਮੂਤਰ ਅਤੇ ਮਰਨ ਤੋਂ ਬਾਅਦ ਗਲ-ਸੜ ਕੇ ਕਾਰਬਨ ਫਿਰ ਵਾਯੂ ਮੰਡਲ ਵਿੱਚ ਆ ਜਾਂਦੀ ਹੈ। ਏਸੇ ਤਰ੍ਹਾਂ ਜਿਹੜੀ ਕਾਰਬਨ ਜ਼ਮੀਨ ਵਿੱਚ ਖਣਿਜ਼ ਪਦਾਰਥਾਂ ਦੇ ਤੌਰ ਤੇ ਅਤੇ ਸਮੁੰਦਰ ਵਿੱਚ ਜਮ੍ਹਾ ਹੈ ਉਹ ਵੀ ਵਾਯੂ ਮੰਡਲ ਵਿੱਚ ਕੁੱਝ ਹੱਦ ਤੱਕ ਘੁੰਮਦੀ ਰਹਿੰਦੀ ਹੈ। ਜਦੋਂ ਤੱਕ ਉਦਯੋਗ ਬਹੁਤ ਵਧਿਆ ਨਹੀਂ ਸੀ ਅਤੇ ਅਬਾਦੀ ਘੱਟ ਸੀ, ਕਾਰਬਨ ਦਾ ਵਾਯੂ ਮੰਡਲ ਵਿੱਚ ਸੰਤੁਲਨ ਬਣਿਆ ਹੋਇਆ ਸੀ, ਪਰ ਪਿਛਲੀਆਂ ਤਕਰੀਬਨ ਦੋ ਸਦੀਆਂ ਵਿੱਚ ਵਧੀ ਅਬਾਦੀ ਅਤੇ ਉਦਯੋਗ ਨੇ ਵਾਯੂ ਮੰਡਲ ਵਿੱਚ ਕਾਰਬਨ ਦੀ ਮਾਤਰਾ ਡੇਢ ਗੁਣਾਂ ਕਰ ਦਿੱਤੀ ਹੈ।

ਕਾਰਬਨ ਦੇ ਸਰੋਤ:- ਕਾਰਬਨ ਧਰਤੀ 'ਤੇ 4 ਸਰੋਤਾਂ ਵਿੱਚ ਮੌਜੂਦ ਹੈ (1) ਵਾਯੂਮੰਡਲ ਵਿੱਚ ਕਾਰਬਨ ਡਾਇਆਕਸਾਈਡ ਅਤੇ ਮੀਥੇਨ ਗੈਸ ਦੇ ਰੂਪ ਵਿੱਚ (2) ਧਰਤੀ 'ਤੇ ਜੀਵ-ਜੰਤੂਆਂ, ਬਨਸਪਤੀ (ਜਿਉਂਦੇ ਤੇ ਮਰਿਆਂ) ਅਤੇ ਜ਼ਮੀਨ ਵਿੱਚ ਜੀਵਕ ਮਾਦੇ ਦੇ ਤੌਰ 'ਤੇ, (3) ਧਰਤੀ ਵਿਚ ਜੈਵਿਕ ਈਂਧਨ (ਫੋਸਿਲ ਫਿਊਲ) ਅਤੇ ਖਣਿਜਾਂ ਦੇ ਰੂਪ ਵਿੱਚ, (ਚੂਨਾ, ਡੋਲੋਮਾਈਟ ਆਦਿ) ਅਤੇ (4) ਸਮੁੰਦਰ ਵਿੱਚ ਜੀਵ-ਜੰਤੂ, ਹਰਾ ਜਾਲਾ (ਐਲਗੀ) ਅਤੇ ਕੋਰਲ।

ਵਾਯੂ ਮੰਡਲ ਵਿੱਚ ਸੰਨ 1750 ਈਸਵੀ ਵਿੱਚ 280 ਪੀ ਪੀ ਐੱਮ (280 ਹਿੱਸੇ 10 ਲੱਖ ਮਗਰ) ਕਾਰਬਨ ਡਾਇਆਕਸਾਈਡ ਸੀ, ਜੋ ਹੁਣ ਵਧ ਕੇ 421 ਪੀ ਪੀ ਐਮ ਤੱਕ ਪਹੁੰਚ ਗਈ ਹੈ। 1950 ਵਿੱਚ ਪ੍ਰਤੀ ਸਾਲ ਵਾਯੂਮੰਡਲ ਵਿੱਚ 600 ਕਰੋੜ ਟਨ ਕਾਰਬਨ ਡਾਇਆਕਸਾਈਡ ਗੈਸ ਵੱਖ-ਵੱਖ ਸਰੋਤਾਂ ਤੋਂ ਜਾਂਦੀ ਸੀ। ਇਹ 1990 ਵਿੱਚ ਵਧ ਕਿ 2,220 ਕਰੋੜ ਟਨ ਅਤੇ 2022 ਵਿੱਚ 3,900 ਕਰੋੜ ਟਨ ਹੋ ਗਈ। ਇਸ ਵਿੱਚੋਂ ਤਕਰੀਬਨ ਅੱਧੀ ਕਾਰਬਨ ਡਾਇਆਕਸਾਈਡ ਫਿਰ ਬਨਸਪਤੀ, ਬਾਰਿਸ਼ ਅਤੇ ਜੀਵ-ਜੰਤੂਆਂ ਦੇ ਆਸਰੇ ਦੋਬਾਰਾ ਆਪਣੇ ਮੁੱਢਲੇ ਸਰੋਤਾਂ

9-OCT-PAGE-5.qxd 10/8/2023 9:57 PM Page 1

ਪੰਜਾਬ ਤੋਂ ਬਾਹਰ ਰਾਜਾਂ ਨੂੰ ਇੱਕ ਬੂੰਦ ਵੀ ਪਾਣੀ ਨਹੀਂ ਦਿਆਂਗੇ : ਬਹਿਰਾਮਕੇ, ਰੰਡਿਆਲਾ

ਕੋਟ ਈਸੇ ਖਾਂ (ਅਰੋੜਾ)-ਪਿੰਡ ਬਹਿਰਾਮਕੇ ਵਿਖੇ ਇੱਕ ਵਿਸ਼ੇਸ਼ ਬੈਠਕ ਵਿੱਚ ਵਿਚਾਰ ਸਾਂਝੇ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਬਹਿਰਾਮਕੇ ਦੇ ਸੂਬਾ ਪ੍ਰਧਾਨ ਬਲਵੰਤ ਸਿੰਘ ਬਹਿਰਾਮਕੇ, ਜ਼ਿਲ੍ਹਾ ਪ੍ਰਧਾਨ ਮੋਗਾ ਜਗਰੂਪ ਸਿੰਘ ਰੰਡਿਆਲਾ, ਸੂਬਾ ਸਕੱਤਰ ਮਲਕੀਤ ਸਿੰਘ ਅਮੀਵਾਲਾ, ਕੋਰ ਕਮੇਟੀ ਮੈਂਬਰ ਰਛਪਾਲ ਸਿੰਘ ਭਿੰਡਰ ਕਲਾਂ, ਮੁਖਤਿਆਰ ਸਿੰਘ ਚੱਕ ਸਿੰਘ ਪੁਰਾ, ਮਲੂਕ ਸਿੰਘ ਨੰਬਰਦਾਰ, ਗੁਰਮੇਲ ਸਿੰਘ ਗਿੱਲ ਸਹਿਰੀ ਪ੍ਰਧਾਨ ਨੇ ਇੱਕ ਲਿਖਤੀ ਬਿਆਨ ਰਾਹੀਂ ਕਿਹਾ ਕਿ ਪਿਛਲੇ ਦਹਾਕਿਆਂ ਤੋਂ ਇੱਕ ਗੱਲ ਵਾਰ-ਵਾਰ ਸਾਹਮਣੇ ਆ ਰਹੀ ਹੈ ਕਿ ਪੰਜਾਬ 'ਚੋਂ ਐਸ ਵਾਈ ਐਲ ਰਾਹੀਂ ਦੂਜੇ ਰਾਜ ਨੂੰ ਪਾਣੀ ਦਿੱਤਾ ਜਾਵੇਗਾ। ਬਹਿਰਾਮਕੇ ਨੇ ਦੱਸਿਆ ਕਿ ਅਦਾਲਤ ਵੱਲੋਂ ਐਸ ਵਾਈ ਐਲ ਨਹਿਰ ਦੇ ਸਰਵੇਖਣ ਸਬੰਧੀ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਪਾਣੀਆਂ ਦੀ ਸੂਚੀ ਇੰਦਰਾਜ 17 ਵਿੱਚ ਦਰਜ ਹੈ ਕਿ ਪਾਣੀ ਰਾਜਾਂ ਦਾ ਵਿਸ਼ਾ ਹੈ। ਇਸ ਲਈ ਕੇਂਦਰ ਸਰਕਾਰ ਕੋਲ ਪਾਣੀਆਂ ਦੇ ਮੁੱਦੇ 'ਤੇ ਫ਼ੈਸਲੇ ਲੈਣ ਦਾ ਕੋਈ ਅਧਿਕਾਰ ਨਹੀਂ ਪੰਜਾਬ ਅੰਦਰ ਪਾਣੀਆਂ ਬਾਰੇ ਕੇਂਦਰ ਸਰਕਾਰ ਦੀ ਦਖ਼ਲਅੰਦਾਜ਼ੀ ਗ਼ਲਤ ਹੈ। ਰਿਪੇਅਰੀਅਨ ਕਾਨੂੰਨ ਮੁਤਾਬਕ ਜਿਸ ਰਾਜ ਕੋਲ ਪਾਣੀ ਹੈ, ਉਸ ਰਾਜ ਕੋਲ ਹੀ ਪਾਣੀਆਂ ਬਾਰੇ ਅਧਿਕਾਰ ਹੈ। ਪੰਜਾਬ ਦੇ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੇ ਇਸ ਮੁੱਦੇ ਦੇ ਜੜ੍ਹੀਂ ਤੇਲ ਦੇਣ ਦੀ ਕੋਈ ਕਸਰ ਨਹੀਂ ਛੱਡੀ। ਦੇਸ਼ ਭਰ ਵਿੱਚੋਂ ਪੰਜਾਬ ਦਾ ਕਿਸਾਨ 70% ਅਨਾਜ ਪੈਦਾ ਕਰਦਾ ਹੈ, ਜਿਸ ਕਰਕੇ ਅੱਜ ਪੰਜਾਬ ਦੇ ਆਪਣੇ ਕੋਲ ਪਾਣੀ ਨਹੀਂ ਮਿਲ ਰਿਹਾ। ਪੰਜਾਬ ਦੇ ਕਿਸਾਨ ਖੁਦ ਪਾਣੀ ਦੇ ਪਿਆਸੇ ਹਨ ਤੇ ਖੁਦ ਧਰਤੀ 'ਚੋਂ ਪਾਣੀ ਕੱਢ ਕੇ ਫ਼ਸਲਾਂ ਲਈ ਵਰਤ ਰਹੇ ਹਨ। ਇਸ ਕਰਕੇ ਅਸੀ ਬਾਹਰਲੇ ਰਾਜਾਂ ਨੂੰ ਪਾਣੀ ਦੀ ਇੱਕ ਬੂੰਦ ਵੀ ਨਹੀਂ ਦੇ ਸਕਦੇ। ਸਾਡੇ ਪੁਰਖਿਆਂ ਨੇ ਇਸ ਪਾਣੀ ਲਈ ਕੁਰਬਾਨੀਆਂ ਕੀਤੀਆਂ ਹਨ। ਕੇਂਦਰ ਸਰਕਾਰ ਤਾਂ ਕੀ ਅਦਾਲਤ ਵੀ ਰਿਪੇਅਰੀਅਨ ਕਾਨੂੰਨ ਤਹਿਤ ਪਾਣੀਆਂ ਦੇ ਹੱਕ ਖੋਹਣ ਦੇ ਸਮਰੱਥ ਨਹੀਂ ਹੈ। ਪੰਜਾਬ ਦਾ ਕੋਈ ਵੀ ਦਰਿਆ ਪੰਜਾਬ ਤੋਂ ਬਾਹਰ ਨਹੀਂ ਵਗਦਾ, ਇਸ ਲਈ ਪਾਣੀਆਂ ਦਾ ਹੱਕ ਪੰਜਾਬ ਦਾ ਹੀ ਬਣਦਾ ਹੈ। ਜਦੋਂ ਸਮੇਂ-ਸਮੇਂ ਤੇ ਹੋਰ ਸਟੇਟਾਂ ਦੇ ਪਾਣੀਆਂ ਦੇ ਮਸਲੇ ਰਿਪੇਅਰੀਅਨ ਕਾਨੂੰਨ ਨਾਲ ਕੀਤੇ ਗਏ ਹਨ ਤਾਂ ਪੰਜਾਬ ਨਾਲ ਇਹ ਵਿਤਕਰਾ ਕਿਉਂ ਇਸ ਲਈ ਕਿਸਾਨ ਆਗੂਆਂ ਨੇ ਪੰਜਾਬ ਦੇ ਸਮੂਹ ਰਾਜਨੀਤਕ ਪਾਰਟੀਆਂ, ਦੇ ਲੀਡਰਾਂ ਤੇ ਕਿਸਾਨ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਪੰਜਾਬ ਦੀਆਂ ਫ਼ਸਲਾਂ, ਤੇ ਨਸਲਾਂ ਨੂੰ ਬਚਾਉਣ ਲਈ ਇਕਜੁਟ ਹੋ ਕੇ ਨਾਅਰਾ ਬੁਲੰਦ ਕਰਕੇ ਪਾਣੀਆਂ ਦੇ ਮਸਲੇ ਤੇ ਸਘੰਰਸ ਕਰੀਏ। ਇਸ ਮੌਕੇ ਬਲਵੀਰ ਸਿੰਘ ਮਾਨ ਇਕਾਈ ਪ੍ਰਧਾਨ ਸੰਗਲਾ, ਰਛਪਾਲ ਸਿੰਘ ਸੋਦਮਹੰਮਦ ਸਾਹਵਾਲਾ, ਅਮਰੀਕ ਸਿੰਘ ਜਸਮੇਰੀਆ, ਹਰਜਿੰਦਰ ਸਿੰਘ ਬੱਡੂਵਾਲਾ ਤੇ ਅਜੀਤ ਸਿੰਘ ਅਮੀਵਾਲਾ ਆਦਿ ਕਿਸਾਨ ਆਗੂ ਹਾਜ਼ਰ ਸਨ।

ਮੋਟਰਸਾਈਕਲ ਤੇ ਨਕਦੀ ਖੋਹਣ ਦੇ ਮਾਮਲੇ 'ਚ ਤਿੰਨ ਨਾਮਜ਼ਦ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਦਾਤਰ ਦਿਖਾ ਕੇ ਮੋਟਰਸਾਈਕਲ ਤੇ ਨਕਦੀ ਖੋਹ ਲੈ ਜਾਣ ਦੇ ਦੋਸ਼ 'ਚ ਥਾਣਾ ਸਰਹਿੰਦ ਦੀ ਪੁਲਿਸ ਵੱਲੋਂ ਪਿੰਡ ਦਾਲੋਮਾਜਰਾ ਦੇ ਤਿੰਨ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਗੁਰਵਿੰਦਰ ਸਿੰਘ (19) ਵਾਸੀ ਪਿੰਡ ਦਾਲੋਮਾਜਰਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ 5 ਅਕਤੂਬਰ ਦੀ ਦੁਪਹਿਰ ਨੂੰ ਉਹ ਜਦੋਂ ਪਿੰਡ ਦੇ ਟੋਭੇ ਕੋਲ ਖੜਾ ਸੀ ਤਾਂ ਉੱਥੇ ਪਹੁੰਚੇ ਉਨ੍ਹਾਂ ਦੇ ਪਿੰਡ ਦੇ ਹੀ ਰਹਿਣ ਵਾਲੇ ਲਖਵਿੰਦਰ ਸਿੰਘ, ਕਰਨਪ੍ਰੀਤ ਸਿੰਘ ਉਰਫ ਜੀਨਾ ਅਤੇ ਰਾਜਦੀਪ ਸਿੰਘ ਉਰਫ ਰਾਜਵੀਰ ਸਿੰਘ ਨੇ ਗਾਲੀ-ਗਲੋਚ ਕਰਦੇ ਹੋਏ ਉਸ ਤੋਂ 2,000/- ਰੁਪਏ ਦੀ ਨਕਦੀ ਖੋਹ ਲਈ ਤੇ ਧਮਕੀ ਦਿੱਤੀ ਕਿ ਜੇਕਰ ਇਸ ਬਾਰੇ ਕਿਸੇ ਨੂੰ ਕੁਝ ਦੱਸਿਆ ਤਾਂ ਤੈਨੂੰ ਛੱਡਾਂਗੇ ਨਹੀਂ।

ਸ਼ਿਕਾਇਤਕਰਤਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਮਿਤੀ 5/7/23 ਨੂੰ ਉਹ ਤੇ ਉਸਦਾ ਭਰਾ ਜਦੋਂ ਆਪਣੇ ਸਪਲੈਂਡਰ ਮੋਟਰਸਾਈਕਲ 23-1601 'ਤੇ ਨਬੀਪੁਰ ਵੱਲੋਂ ਆਪਣੇ ਪਿੰਡ ਨੂੰ ਆ ਰਹੇ ਸਨ ਤਾਂ ਪਿੰਡ ਜਲਵੇੜਾ ਨਜ਼ਦੀਕ ਉਪਰੋਕਤ ਵਿਅਕਤੀਆਂ ਨੇ ਦਾਤਰ ਦਿਖਾ ਕੇ ਉਨ੍ਹਾਂ ਦਾ ਮੋਟਰਸਾਈਕਲ ਖੋਹ ਲਿਆ ਸੀ, ਜੋ ਹੁਣ ਤੱਕ ਵਾਪਸ ਨਹੀਂ ਕੀਤਾ ਗਿਆ ਤੇ ਉਕਤ ਵਿਅਕਤੀਆਂ ਤੋਂ ਡਰਦੇ ਮਾਰੇ ਉਹ ਪਹਿਲਾਂ ਪੁਲਸ ਕੋਲ ਨਹੀਂ ਗਏ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਲਖਵਿੰਦਰ ਸਿੰਘ, ਕਰਨਪ੍ਰੀਤ ਸਿੰਘ ਉਰਫ ਜੀਨਾ ਤੇ ਰਾਜਦੀਪ ਸਿੰਘ ਉਰਫ਼ ਰਾਜਵੀਰ ਸਿੰਘ ਵਾਸੀਆਨ ਪਿੰਡ ਦਾਲੋਮਾਜਰਾ ਵਿਰੁੱਧ ਥਾਣਾ ਸਰਹਿੰਦ ਵਿਖੇ ਅ/ਧ 382,506,34 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਾ ਕੇ ਨਬੀਪੁਰ ਚੌਕੀ ਦੇ ਇੰਚਾਰਜ ਥਾਣੇਦਾਰ ਸੰਜੀਵ ਕੁਮਾਰ ਵੱਲੋਂ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

ਪੰਜਾਬ ਪੈਸਟੀਸਾਈਡ, ਸੀਡ ਤੇ ਫਰਟੀਲਾਈਜ਼ਰ ਯੂਨੀਅਨ ਦਾ ਵਫ਼ਦ ਮੰਤਰੀ ਨੂੰ ਮਿਲਿਆ

ਗੁਰਮੀਤ ਸਿੰਘ ਖੁੱਡੀਆਂ ਨੂੰ ਮੁਸ਼ਕਲਾਂ ਬਾਰੇ ਜਾਣੂ ਕਰਾਉਂਦਾ ਹੋਇਆ ਵਫ਼ਦ।

ਮਲੋਟ (ਗੁਰਮੀਤ ਸਿੰਘ ਮੱਕੜ) ਪੰਜਾਬ ਪੈਸਟੀਸਾਈਡ, ਸੀਡ ਤੇ ਫਰਟੀਲਾਈਜ਼ਰ ਯੂਨੀਅਨ ਦਾ ਇੱਕ ਵਫ਼ਦ ਸੁਰਿੰਦਰ ਸਿੰਘ ਬਰੀਵਾਲਾ ਰਾਸ਼ਟਰੀ ਸੈਕਟਰੀ, ਕੁਲਵੀਰ ਸਿੰਘ ਸਰਾਂ ਵਾਇਸ ਪ੍ਰਧਾਨ ਪੰਜਾਬ ਅਤੇ ਸ਼੍ਰੀ ਵਿਨੋਦ ਸੋਈ ਵਾਇਸ ਪ੍ਰਧਾਨ ਦੀ ਅਗਵਾਈ ਵਿਚ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਮਿਲਿਆ, ਜਿਸ ਵਿੱਚ ਜੋ ਖਾਦ ਦਾ 80 ਫ਼ੀਸਦੀ ਤੇ 20 ਫ਼ੀਸਦੀ ਦਾ ਮੁੱਦਾ ਸੀ, ਉਸ 'ਤੇ ਵਿਚਾਰ ਚਰਚਾ ਕੀਤੀ ਗਈ ਅਤੇ ਸੁਸਾਇਟੀਆਂ ਕੋਲ ਸਿਰਫ਼ ਕਿਸਾਨਾਂ ਦੇ ਖਾਤੇ 32 ਫ਼ੀਸਦੀ ਹੀ ਹਨ ਅਤੇ ਖਾਦ ਲਗਭਗ 68 ਫ਼ੀਸਦੀ ਪ੍ਰਾਈਵੇਟ ਦੁਕਾਨਾਂ ਤੋਂ ਖਰੀਦਦੇ ਹਨ, ਕੈਬਨਿਟ ਮੰਤਰੀ ਨੂੰ ਸਮੇਤ ਡਾਟਾ ਜਾਣੂ ਕਰਾਇਆ ਗਿਆ। ਕੈਬਨਿਟ ਮੰਤਰੀ ਨੇ ਡੀਲਰਾਂ ਦੇ ਪੱਖ ਵਾਸਤੇ ਤੁਰੰਤ ਡਾਇਰੈਕਟਰ ਐਗਰੀਗਲਚਰ ਪੰਜਾਬ ਜਸਵੰਤ ਸਿੰਘ ਨਾਲ ਮੌਕੇ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਨੇ ਸਾਰੀ ਸਥਿਤੀ ਤੋਂ ਜਾਣੂ ਕਰਾਇਆ। ਉਸ ਉਪਰੰਤ ਕੈਬਨਿਟ ਮੰਤਰੀ ਨੇ ਵਿਸ਼ਵਾਸ ਦਿਵਾਇਆ ਕਿ ਬੁੱਧਵਾਰ ਤੱਕ ਮੁੱਖ ਮੰਤਰੀ ਪੰਜਾਬ ਨਾਲ ਗੱਲਬਾਤ ਕਰਕੇ ਜੋ ਪੁਰਾਣੀ 60 ਫ਼ੀਸਦੀ ਤੇ 40 ਫ਼ੀਸਦੀ ਦੀ ਵੰਡ ਚੱਲ ਰਹੀ ਹੈ, ਉਸ ਨੂੰ ਬਰਕਰਾਰ ਰੱਖਣ ਲਈ ਯਤਨ ਕੀਤੇ ਜਾਣਗੇ।

ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਵਫ਼ਦ ਨੂੰ ਲੈ ਕੇ ਜਾਣਗੇ ਤੇ ਉਨ੍ਹਾਂ ਦਾ ਪੱਖ ਮੁੱਖ ਮੰਤਰੀ ਸਾਹਮਣੇ ਰੱਖਿਆ ਜਾਵੇਗਾ ਤਾਂ ਜੁ ਕਿਸਾਨਾਂ ਨੂੰ ਬਿਜਾਈ ਵੇਲੇ ਡੀ.ਏ.ਪੀ. ਦੀ ਕਿੱਲਤ ਨਾ ਆਵੇ ਅਤੇ ਕਿਸਾਨਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਜਲਦੀ ਤੋਂ ਜਲਦੀ ਇਸ ਮਸਲੇ ਦਾ ਹੱਲ ਕੀਤਾ ਜਾਵੇਗਾ।

ਰਜਿਸਟਰੀ 'ਤੇ ਗਵਾਹੀ ਪਾਉਣ ਦਾ ਨੰਬਰਦਾਰ ਯੂਨੀਅਨ ਨੇ ਲਿਆ ਫੈਸਲਾ

ਬਾਘਾ ਪੁਰਾਣਾ (ਮਨੀ ਸਿਗਲਾ)-ਅੱਜ ਸਥਾਨਕ ਤਹਿਸੀਲ ਕੰਪਲੈਕਸ ਵਿਚ ਕੰਮ ਕਰਦੇ ਸਮੂਹ ਵਸੀਕਾ ਨਵੀਸਾਂ ਦੀ ਮੀਟਿੰਗ ਪ੍ਰਧਾਨ ਅਵਤਾਰ ਸਿੰਘ ਸੰਘਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸਮੂਹ ਵਸੀਕਾ ਨਵੀਸ ਮਨਜੀਤ ਸਿੰਘ ਕਿੰਗਰਾ, ਕਮਲ ਸ਼ਰਮਾ, ਸਤਵੰਤ ਸਿੰਘ, ਸੁਖਮੰਦਰ ਸਿੰਘ, ਵਿਨੋਦ ਕੁਮਾਰ ਸ਼ਾਮਲ ਹੋਏ। ਮੀਟਿੰਗ ਵਿਚ ਤਹਿਸੀਲ ਬਾਘਾ ਪੁਰਾਣਾ ਨੰਬਰਦਾਰ ਐਸੋਸੀਏਸ਼ਨ ਵੱਲੋਂ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਉਹ ਵਸੀਕਾ ਨਵੀਸਾਂ ਤੋਂ ਬਿਨਾਂ ਕਿਸੇ ਟਾਈਪਿਸਟ, ਅਸ਼ਟਾਮ, ਫੋਟੋ ਸਟੇਟ ਵਾਲੇ ਵੱਲੋਂ ਲਿਖੀ ਰਜਿਸਟਰੀ 'ਤੇ ਗਵਾਹੀ ਨਹੀਂ ਪਾਉਣਗੇ ਅਤੇ ਅਸੀਂ ਸਰਕਾਰ ਵੱਲੋਂ ਪ੍ਰਵਾਨਿਤ ਲਾਇਸੈਂਸੀ ਵਸੀਕਾ ਨਵੀਸਾਂ ਵੱਲੋਂ ਲਿਖੇ ਵਸੀਕੇ 'ਤੇ ਹੀ ਗਵਾਹੀ ਪਾਵਾਂਗੇ। ਵਸੀਕਾ ਨਵੀਸ ਯੂਨੀਅਨ ਵੱਲੋਂ ਪੰਜਾਬ ਨੰਬਰਦਾਰ ਯੂਨੀਅਨ ਵੱਲੋਂ ਕੀਤੇ ਇਸ ਫੈਸਲੇ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦਾ ਇਸ ਮਤੇ ਲਈ ਧੰਨਵਾਦ ਕੀਤਾ ਗਿਆ।

ਜੀ ਐੱਚ ਜੀ ਅਕੈਡਮੀ 'ਚ ਅੰਮ੍ਰਿਤਪਾਨ ਸੰਬੰਧੀ ਸੈਮੀਨਾਰ

ਜਗਰਾਉਂ (ਅਮਿਤਖੰਨਾ)-ਧਾਰਮਿਕ ਗਤੀਵਿਧੀਆਂ ਵਿੱਚ ਵਿਸ਼ੇਸ਼ ਉਪਰਾਲੇ ਕਰਨ ਵੱਲੋਂ ਜਾਣੀ ਜਾਂਦੀ ਸੰਸਥਾ ਜੀ ਐਚ ਜੀ ਅਕੈਡਮੀ, ਜਗਰਾਉਂ ਵਿਖੇ ਅੱਜ ਸਤਨਾਮ ਸਿੰਘ ਸੱਲੋਪੁਰੀ ਵੱਲੋਂ ਅੰਮ੍ਰਿਤ ਛਕਣ ਦੀ ਮਹੱਤਤਾ ਨੂੰ ਦਰਸਾਉਂਦਿਆਂ ਹੋਇਆਂ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ ਗਏ। ਉਨਾਂ ਦੱਸਿਆ ਕਿ ਅੰਮ੍ਰਿਤ ਛਕਣ ਲਈ ਲਾਗੂ ਹੁੰਦੇ ਨਿਯਮ ਸਾਨੂੰ ਇੱਕ ਸਚਿਆਰਾ ਮਨੁੱਖ ਬਣਾਉਂਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਕੇਸ ਰੱਖਣ ਦੀ ਮਹੱਤਤਾ ਨੂੰ ਦੱਸਦਿਆਂ ਕਿਹਾ ਕਿ ਗੁਰੂ ਨੂੰ ਪਿਆਰ ਕਰਨ ਵਾਲੇ ਨਵਾ ਜਾਂ ਨੁਕਸਾਨ ਨਹੀਂ ਦੇਖਦੇ। ਇਸ ਲਈ ਉਨ੍ਹਾਂ ਆਰਿਆਂ ਅਤੇ ਚਰਖੜੀਆਂ 'ਤੇ ਚੜ੍ਹਨ ਵਾਲੇ ਸਿੰਘਾਂ ਸ਼ਹੀਦਾਂ ਦੀਆਂ ਉਦਾਹਰਨਾਂ ਦਿੱਤੀਆਂ। ਉਨਾਂ ਨੇ ਇੱਕ ਸਿੰਘ ਦੇ ਵਜੂਦ ਦੀ ਮਹੱਤਤਾ ਨੂੰ ਦੱਸਦਿਆਂ ਹੋਇਆਂ ਮਹਾਰਾਜਾ ਦਲੀਪ ਸਿੰਘ 'ਤੇ ਬਣੀ ਫਿਲਮ 'ਬਲੈਕ ਪ੍ਰਿੰਸ' ਦੀ ਕਹਾਣੀ ਨੂੰ ਵਿਦਿਆਰਥੀਆਂ ਨਾਲ ਸਾਂਝਾ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਅੰਮ੍ਰਿਤ ਪਾਨ ਕਰਨ ਵੇਲੇ ਪਹਿਨਾਏ ਜਾਂਦੇ ਪੰਜ ਕਕਾਰਾਂ ਦੀ ਕੀ ਮਹੱਤਤਾ ਹੈ । ਅਖੀਰ ਵਿੱਚ ਜੀ. ਐਚ. ਜੀ .ਅਕੈਡਮੀ ਦੇ ਪ੍ਰਿੰਸੀਪਲ ਰਮਨਜੋਤ ਕੌਰ ਗਰੇਵਾਲ ਨੇ ਸਤਨਾਮ ਸਿੰਘ ਸੱਲੋਪੁਰੀ ਦੁਆਰਾ ਸਾਂਝੇ ਕੀਤੇ ਗਏ ਵਿਚਾਰਾਂ ਨੂੰ ਜ਼ਿੰਦਗੀ ਵਿੱਚ ਅਪਣਾਉਣ ਦਾ ਸੰਦੇਸ਼ ਦਿੱਤਾ।

ਸੁਰਜੀਤ ਚੀਮਾ ਨੇ ਮਾਰਕੀਟ ਕਮੇਟੀ ਦੇ ਸਕੱਤਰ ਦਾ ਚਾਰਜ ਸੰਭਾਲਿਆ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ) ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਦੀ ਹਾਜ਼ਰੀ ਵਿੱਚ ਸੁਰਜੀਤ ਸਿੰਘ ਚੀਮਾ ਨੇ ਮਾਰਕੀਟ ਕਮੇਟੀ ਦੇ ਸਕੱਤਰ ਵਜੋਂ ਚਾਰਜ ਸੰਭਾਲਿਆ ਤੇ ਵਿਧਾਇਕ ਵੱਲੋਂ ਸੀਜ਼ਨ ਦੌਰਾਨ ਹਰ ਸਹਿਯੋਗ ਦਾ ਭਰੋਸਾ ਦਿੱਤਾ ਗਿਆ। ਸਕੱਤਰ ਸੁਰਜੀਤ ਸਿੰਘ ਨੇ ਕਿਹਾ ਕਿ ਆਪਣੀ ਡਿਊਟੀ ਨੂੰ ਇਮਾਨਦਾਰੀ ਨਾਲ ਨਿਭਾਇਆ ਜਾਵੇਗਾ ਤੇ ਦਫ਼ਤਰ ਵਿੱਚ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਵਿਧਾਇਕ ਗੈਰੀ ਬੜਿੰਗ ਨੇ ਕਿਹਾ ਕਿ ਕਿਸਾਨਾਂ ਦੀਆਂ ਫ਼ਸਲਾਂ ਦਾ ਦਾਣਾ ਦਾਣਾ ਪੰਜਾਬ ਸਰਕਾਰ ਵੱਲੋਂ ਖਰੀਦਿਆ ਜਾਵੇਗਾ ਅਤੇ ਉਹ ਫ਼ਸਲ ਨੂੰ ਸੁਕਾ ਕੇ ਮੰਡੀਆਂ ਵਿੱਚ ਲੈ ਕੇ ਆਉਣ। ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਪਰਮਵੀਰ ਸਿੰਘ ਮਾਂਗਟ, ਵਿਨੋਦ ਅਬਰੋਲ, ਅਖਿਲ ਅਬਰੋਲ, ਮਨਿੰਦਰ ਸਿੰਘ ਭੱਟੇ, ਗੁਰਸੇਵਕ ਕੋਹਲੀ, ਕਮਲ ਕੌਲਗੜ੍ਹ ਆਦਿ ਮੌਜੂਦ ਸਨ।

ਦਾਣਾ ਮੰਡੀ ਦੇ ਮਜ਼ਦੂਰਾਂ ਨੇ ਮੰਗਾਂ ਨੂੰ ਲੈ ਕੇ ਕੀਤੀ ਅਣਮਿੱਥੇ ਸਮੇਂ ਲਈ ਹੜਤਾਲ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਪੰਜਾਬ ਮਜ਼ਦੂਰ ਯੂਨੀਅਨ ਦੇ ਸੱਦੇ 'ਤੇ ਸਵੇਰ ਤੋਂ ਇਸ ਮੰਡੀ ਵਿੱਚ ਮਜ਼ਦੂਰਾਂ ਵੱਲੋਂ ਪੂਰੀ ਤਰ੍ਹਾਂ ਨਾਲ ਕੰਮ ਠੱਪ ਕਰਨ ਕਾਰਨ ਅਨਾਜ ਮੰਡੀ ਦੀਆਂ ਸੜਕਾਂ 'ਤੇ ਝੋਨੇ ਦੀਆਂ ਭਰੀਆਂ ਟਰਾਲੀਆਂ ਦੀਆਂ ਲੰਮੀਆਂ ਲਾਇਨਾਂ ਲੱਗ ਗਈਆਂ ਹਨ, ਜਿਸ ਕਾਰਨ ਇਸ ਸਮੇਂ ਚਰਮ ਸੀਮਾ 'ਤੇ ਚੱਲ ਰਹੇ ਝੋਨੇ ਦੀ ਕਟਾਈ ਦਾ ਕੰਮ ਬੁਰੀ ਤਰ੍ਹਾਂ ਨਾਲ ਪ੍ਰਭਾਵਤ ਹੋਣਾ ਸ਼ੁਰੂ ਹੋ ਗਿਆ ਹੈ।

ਯੂਨੀਅਨ ਅਮਲੋਹ ਦੇ ਪ੍ਰਧਾਨ ਸਰਵਨ ਸਿੰਘ ਮਾਲਾ, ਮਨੋਜ ਕੁਮਾਰ ਨੇ ਕਿਹਾ ਕਿ ਪੰਜਾਬ ਦੀਆਂ ਮੰਡੀਆਂ 'ਚ ਕੰਮ ਕਰਦੇ ਮਜ਼ਦੂਰਾਂ ਵੱਲੋਂ ਪਿਛਲੇ ਕਈ ਦਿਨਾਂ ਤੋਂ ਐਲਾਨ ਕੀਤਾ ਸੀ ਕਿ ਜੇਕਰ ਸਰਕਾਰ ਵੱਲੋਂ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ 7 ਅਕਤੂਬਰ ਤੋਂ ਸੂਬੇ ਦੀਆਂ ਸਮੁੱਚੀਆਂ ਮੰਡੀਆਂ 'ਚ ਅਣਮਿੱਥੇ ਸਮੇਂ ਲਈ ਹੜਤਾਲ ਕਰ ਦੇਣਗੇ, ਜਿਸ ਦੀ ਸ਼ੁਰੂਆਤ ਹੋ ਗਈ ਹੈ। ਪੰਜਾਬ ਦੀਆਂ ਮੰਡੀਆਂ 'ਚ ਇਸ ਸੀਜ਼ਨ ਦੌਰਾਨ ਲੱਖਾਂ ਦੇ ਕਰੀਬ ਮਜ਼ਦੂਰ ਕੰਮ ਕਰਦੇ ਹਨ, ਜੋ ਮਜ਼ਦੂਰੀ 'ਚ ਵਾਧੇ ਦੀ ਮੰਗ ਕਰ ਰਹੇ ਹਨ, ਜਿਸ ਵੱਲ ਸਰਕਾਰ ਵੱਲੋਂ ਧਿਆਨ ਨਹੀਂ ਦਿੱਤਾ ਜਾ ਰਿਹਾ।

ਮਜ਼ਦੂਰਾਂ ਦਾ ਕਹਿਣਾ ਹੈ 2011 'ਚ ਸਰਕਾਰ ਨੇ 25 ਫੀਸਦੀ ਮਜ਼ਦੂਰੀ 'ਚ ਵਾਧਾ ਕੀਤਾ ਸੀ। ਉਸ ਤੋਂ ਬਾਅਦ ਹਰ ਵਾਰ ਦੋ ਚਾਰ ਪੈਸੇ ਦਾ ਵਾਧਾ ਕਰ ਟਾਲ ਮਟੋਲ ਕੀਤੀ ਜਾ ਰਹੀ ਹੈ। ਮਜ਼ਦੂਰ ਮੰਗ ਕਰ ਰਹੇ ਹਨ ਕਿ ਮਜ਼ਦੂਰੀ 'ਚ ਘੱਟੋ ਘੱਟ 25 ਫ਼ੀਸਦੀ ਦਾ ਵਾਧਾ ਕੀਤਾ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਮਾਨ ਸਰ

page-6-9-(OCTO)-2023-G-(BV).qxd 10/8/2023 10:17 PM Page 1

ਸਰਜਾ ਵਿਖੇ 11 ਨੂੰ ਸਜਾਇਆ ਜਾਵੇਗਾ ਵਿਸ਼ਾਲ ਨਗਰ ਕੀਰਤਨ : ਬਾਬਾ ਬਿਬੇਕ ਸਿੰਘ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਪੰਜਾਬ ਦੀ ਧਰਤੀ 'ਤੇ ਸਿੱਖ ਗੁਰੂ ਸਾਹਿਬਾਨ ਦੇ ਗੁਰਪੁਰਬ ਸਮੂਹ ਗੁਰੂ ਨਾਨਕ ਲੇਵਾ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਏ ਜਾਂਦੇ ਹਨ। ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਤੇ ਬਾਬਾ ਪਵਨਪ੍ਰੀਤ ਸਿੰਘ ਕਰੋਲ ਕਾ ਟਿੱਬਾ ਹਿਮਾਚਲ ਪ੍ਰਦੇਸ਼ ਨੇ ਦੱਸਿਆ ਕਿ ਬੀਤੇ ਦਿਨ ਸ਼ਹੀਦ ਸਿੰਘਾਂ/ਸਿੰਘਣੀਆਂ ਦੀ ਸ਼ਹੀਦੀ ਨੂੰ ਸਮਰਪਿਤ ਸਾਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ ਹੈ ਉਥੇ ਸਮੂਹ ਸੰਗਤਾਂ ਵਲੋਂ ਪਿੰਡ ਸਰਜਾ ਵਿਖੇ ਸਥਿਤ ਗੁਰਦੁਆਰਾ ਤੱਪ ਅਸਥਾਨ ਸੰਤ ਬਾਬਾ ਨਿਹਾਲ ਸਿੰਘ ਅਤੇ ਸੰਤ ਬਾਬਾ ਸੇਵਾ ਸਿੰਘ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਗੱਦੀ ਅਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ 11 ਅਕਤੂਬਰ ਤੋਂ ਲੈ ਕੇ 13 ਅਕਤੂਬਰ ਤੱਕ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਪੁਰਬ ਨੂੰ ਸਮਰਪਿਤ 11 ਅਕਤੂਬਰ ਬੁੱਧਵਾਰ ਵਾਲੇ ਦਿਨ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਹੋਣਗੇ ਅਤੇ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਤੋਂ ਉਪਰੰਤ ਨਗਰ ਕੀਰਤਨ ਸਜਾਇਆ ਜਾਵੇਗਾ। ਨਗਰ ਕੀਰਤਨ ਤਪ ਅਸਥਾਨ ਸੰਤ ਬਾਬਾ ਨਿਹਾਲ ਸਿੰਘ ਤੇ ਸੰਤ ਬਾਬਾ ਸੇਵਾ ਸਿੰਘ ਗੁਰਦੁਆਰਾ ਸਾਹਿਬ ਪਿੰਡ ਸਰਜਾ ਤੋਂ ਆਰੰਭ ਹੋ ਕੇ ਪਿੰਡ ਧੂਲਕਾ, ਲੋਹਗੜ੍ਹ, ਕਲੇਰ, ਧਿਆਨਪੁਰ, ਗੁਰਦੁਆਰਾ ਬਾਬਾ ਬਕਾਲਾ ਸਾਹਿਬ, ਵਡਾਲਾ, ਸਧਾਰ, ਗੁਰਦੁਆਰਾ ਚੋਲਾ ਸਾਹਿਬ ਕਾਲੇਕੇਂ, ਡੇਹਰੀਵਾਲਾ ਤੋਂ ਹੁੰਦਾ ਹੋਇਆ ਤਪ ਅਸਥਾਨ ਗੁਰਦੁਆਰਾ ਸਰਜਾ ਵਿਖੇ ਸੰਪੂਰਨ ਹੋਵੇਗਾ। ਬਾਬਾ ਬਿਬੇਕ ਸਿੰਘ ਨੇ ਸਮੂਹ ਇਲਾਕਾ ਨਿਵਾਸੀ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਮੂਹ ਸੰਗਤਾਂ ਆਪੋ ਆਪਣੇ ਸਾਧਨ ਟਰੈਕਟਰ-ਟਰਾਲੀਆਂ ਨਾਲ ਨਗਰ ਕੀਰਤਨ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ। 12 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਮੱਧ ਵਾਲੇ ਦਿਨ 4 ਵਜੇ ਤੋਂ ਲੈ ਕੇ 5 ਵਜੇ ਤੱਕ ਦੁੱਖ ਨਿਵਾਰਨ ਕੈਂਪ ਲਗਾਇਆ ਜਾ ਰਿਹਾ ਹੈ ਅਤੇ ਸ਼ਾਮ 6 ਵਜੇ ਤੋਂ ਲੈ ਕੇ ਰਾਤ 9 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ। 13 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਖੁੱਲ੍ਹੇ ਪੰਡਾਲ ਵਿੱਚ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਅਤੇ ਕਥਾਵਾਚਕ ਪਹੁੰਚ ਰਹੇ ਹਨ। ਸਮੂਹ ਇਲਾਕਾ ਨਿਵਾਸੀ ਸੰਗਤਾਂ ਸਮਾਗਮਾਂ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰਨ।

ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਆਗੂਆਂ ਵੱਲੋਂ ਜ਼ਿਲ੍ਹਾ ਪੱਧਰੀ ਮੀਟਿੰਗ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੀ ਜ਼ਿਲ੍ਹਾ ਪੱਧਰੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਮਠੋਲਾ ਦੀ ਪ੍ਰਧਾਨਗੀ ਹੇਠ ਇਥੇ ਇਤਿਹਾਸਕ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਵਿਖੇ ਮੀਟਿੰਗ ਹੋਈ। ਮੀਟਿੰਗ ਵਿੱਚ ਯੂਨੀਅਨ ਆਗੂਆਂ ਤੋਂ ਇਲਾਵਾ ਇਲਾਕੇ ਦੇ ਕਿਸਾਨਾਂ ਨੇ ਵੀ ਸਮੂਲੀਅਤ ਕੀਤੀ। ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਮਠੋਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਅੰਮ੍ਰਿਤਸਰ-ਪਠਾਨਕੋਟ ਨੈਸਨਲ ਹਾਈਵੇਅ ਲਾਗਲੇ ਇਲਾਕਾ ਧਾਰੀਵਾਲ ਖੇਤਰ ਦੇ ਪਿੰਡਾਂ ਦੀ 1262 ਏਕੜ ਜ਼ਮੀਨ ਨੂੰ ਇੰਡਸਟਰੀ ਲਗਾਉਣ ਲਈ ਰੈੱਡ ਜ਼ੋਨ ਬਣਾਉਣ ਦੀ ਤਜਵੀਜ਼ ਦਾ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਵਿਰੋਧ ਕਰਦੀ ਹੈ। ਉਨ੍ਹਾਂ ਕਿਹਾ ਕਿਸਾਨਾਂ ਦੀ ਇਥੇ ਵਾਹੀਯੋਗ ਜ਼ਮੀਨ ਵਿੱਚ ਇਡੰਸਟਰੀ ਲਗਾਉਣ ਨਾਲ ਧਰਤੀ ਹੇਠਲਾ ਪਾਣੀ ਬਰਬਾਦ ਹੋ ਜਾਵੇਗਾ ਅਤੇ ਇਲਾਕੇ ਦੀ ਕਿਸਾਨੀ ਖਤਮ ਹੋ ਜਾਵੇਗੀ। ਪ੍ਰਧਾਨ ਮਠੋਲਾ ਨੇ ਪੰਜਾਬ ਦੇ ਪਾਣੀਆਂ ਦੇ ਮਸਲੇ 'ਤੇ ਵਿਚਾਰ ਚਰਚਾ ਕਰਦਿਆਂ ਕਿਹਾ ਪੰਜਾਬ ਦੇ ਪਾਣੀਆਂ ਤੇ ਸਿਰਫ ਪੰਜਾਬ ਦਾ ਹੀ ਹੱਕ ਹੈ। ਕਿਸਾਨ ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਇੰਡਸਟਰੀ ਲਗਾਉਣ ਲਈ ਧਾਰੀਵਾਲ ਇਲਾਕੇ ਦੇ ਪਿੰਡਾਂ ਦੀ ਜ਼ਮੀਨ ਨੂੰ ਰੈੱਡ ਜ਼ੋਨ ਬਣਾਉਣ ਦੀ ਤਜਵੀਜ਼ ਨੂੰ ਤੁਰੰਤ ਰੱਦ ਨਾ ਕੀਤਾ ਤਾਂ ਜਥੇਬੰਦੀ ਵਲੋਂ ਡੱਟ ਕੇ ਵਿਰੋਧ ਕੀਤਾ ਜਾਵੇਗਾ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਮਠੋਲਾ, ਲਖਵਿੰਦਰਜੀਤ ਸਿੰਘ ਗੁਰਦਾਸਪੁਰ, ਹਰਦੇਵ ਸਿੰਘ ਮਾਲੀ ਸਮਰਾਏ, ਰਣਜੀਤ ਸਿੰਘ ਮੂੜ੍ਹ, ਨਿਰਮਲ ਸਿੰਘ ਬਟਾਲਾ, ਸੁਖਰਾਜ ਸਿੰਘ ਬਿਸ਼ਨੀਵਾਲ, ਗੁਰਦਿਆਲ ਸਿੰਘ ਸੋਹਲ, ਬਨਧੀਰ ਸਿੰਘ ਚੌਧਰਪੁਰ, ਤਰਲੋਚਨ ਸਿੰਘ ਸੁਜਾਨਪੁਰ, ਦਵਿੰਦਰ ਸਿੰਘ ਸੁਜਾਨਪੁਰ, ਗੁਰਮੁਖ ਸਿੰਘ ਕੰਗ, ਸੁੱਚਾ ਸਿੰਘ ਘੁੰਮਣ ਆਦਿ ਹਾਜ਼ਰ ਸਨ।

ਬਿਆਸ ਪੁਲਸ ਵੱਲੋਂ 21 ਗ੍ਰਾਮ ਹੈਰੋਇਨ ਸਮੇਤ ਵਿਅਕਤੀ ਕਾਬੂ

ਬੁਤਾਲਾ (ਨਿਰਮਲ ਸੰਘਾ)- ਐੱਸਐੱਸਪੀ ਦਿਹਾਤੀ ਸਤਿੰਦਰ ਸਿੰਘ ਅੰਮ੍ਰਿਤਸਰ ਦੇ ਨਿਰਦੇਸ਼ਾਂ ਅਤੇ ਡੀਐੱਸਪੀ ਬਾਬਾ ਬਕਾਲਾ ਦੀ ਅਗਵਾਈ 'ਚ ਨਸ਼ਿਆਂ ਖਿਲਾਫ ਚਲਾਈ ਮੁਹਿੰਮ ਤਹਿਤ ਇਕ ਵਿਅਕਤੀ ਨੂੰ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਹੈ। ਇਸ ਬਾਰੇ ਪੁਲਸ ਚੌਕੀ ਸਠਿਆਲਾ ਦੇ ਇੰਚਾਰਜ ਏਐੱਸਆਈ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਸੰਪਰਕ ਸੜਕ ਬੁਤਾਲਾ ਨੇੜੇ ਬਾਬਾ ਗੱਖੜ ਸਠਿਆਲਾ ਦੇ ਕੋਲ ਨਾਕਾਬੰਦੀ ਕੀਤੀ ਗਈ ਸੀ ਤੇ ਬਾਬਾ ਬਕਾਲਾ ਦੀ ਤਰਫੋਂ ਇਕ ਵਿਅਕਤੀ ਮੋਟਰਸਾਈਕਲ 'ਤੇ ਆ ਰਿਹਾ ਸੀ। ਉਨ੍ਹਾਂ ਨੇ ਦੱਸਿਆ ਕਿ ਨਾਕੇ 'ਤੇ ਮੋਟਰਸਾਈਕਲ ਸਵਾਰ ਵਿਅਕਤੀ ਦੀ ਤਲਾਸ਼ੀ ਦੌਰਾਨ ਉਸ ਕੋਲੋਂ 21 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ, ਜਿਸ ਦੀ ਪਛਾਣ ਹਰਪਾਲ ਸਿੰਘ ਪਿੰਡ ਖਾਨਪੁਰ ਵਜੋਂ ਹੋਈ ਹੈ ਅਤੇ ਕਥਿਤ ਦੋਸ਼ੀ ਦੇ ਖਿਲਾਫ ਪਰਚਾ ਦਰਜ ਕਰਕੇ ਮਾਣਯੋਗ ਅਦਾਲਤ ਬਾਬਾ ਬਕਾਲਾ ਵਿਖੇ ਪੇਸ਼ ਕੀਤਾ ਗਿਆ। ਇਸ ਮੌਕੇ ਹੌਲਦਾਰ ਬਲਵੰਤ ਸਿੰਘ, ਇੰਦਰਜੀਤ ਸਿੰਘ, ਸੁਖਚੈਨ ਸਿੰਘ ਹਾਜ਼ਰ ਸਨ।

ਬੱਚਿਆਂ 'ਚ ਕੁਪੋਸ਼ਣ ਦੀ ਸਮੱਸਿਆ ਨੂੰ ਪੂਰੀ ਸੰਵੇਦਨਸ਼ੀਲਤਾ ਨਾਲ ਹੱਲ ਕਰਨਾ ਹੋਵੇਗਾ: ਸ਼ਾਹ

ਲੁਧਿਆਣਾ/ਜਲੰਧਰ : ਕੇਂਦਰੀ ਖੇਤਰੀ ਕੌਂਸਲ ਦੀ 24ਵੀਂ ਮੀਟਿੰਗ ਸਨੀਵਾਰ ਨੂੰ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਉੱਤਰਾਖੰਡ ਦੇ ਨਰੇਂਦਰ ਨਗਰ ਵਿੱਚ ਹੋਈ। ਮੀਟਿੰਗ ਵਿਚ ਆਪਣੇ ਸੰਬੋਧਨ ਵਿਚ ਸ਼ਾਹ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਬੱਚਿਆਂ ਵਿਚ ਕੁਪੋਸ਼ਣ ਦੀ ਸਮੱਸਿਆ ਨੂੰ ਪੂਰੀ ਸੰਵੇਦਨਸ਼ੀਲਤਾ ਨਾਲ ਹੱਲ ਕਰਨਾ ਹੋਵੇਗਾ। ਇਸ ਦੌਰਾਨ ਕੇਂਦਰੀ ਖੇਤਰੀ ਪ੍ਰੀਸ਼ਦ ਨੇ ਜੀ-20 ਦੇ ਸਫਲ ਸੰਗਠਨ ਚੰਦਰਯਾਨ-3 ਦੀ ਸ਼ਾਨਦਾਰ ਸਫਲਤਾ ਦਾ ਨੋਟਿਸ ਲਿਆ। ਕਾਨਫਰੰਸ ਅਤੇ ਸੰਸਦ ਦੁਆਰਾ ਪਾਸ ਇਤਿਹਾਸਕ ਮਹਿਲਾ ਰਾਖਵਾਂਕਰਨ ਬਿੱਲ ਦੇ ਪਾਸ ਹੋਣ ਦਾ ਵੀ ਸੁਆਗਤ ਕੀਤਾ ਗਿਆ। ਸ਼ਾਹ ਜੋ ਕਿ ਸਹਿਕਾਰਤਾ ਦੇ ਖੇਤਰ ਵਿੱਚ ਲੰਬੇ ਸਮੇਂ ਤੋਂ ਕੰਮ ਕਰ ਚੁੱਕੇ ਹਨ, ਨੇ ਹਮੇਸ਼ਾ ਸਹਿਕਾਰੀ ਸੰਘਵਾਦ ਦੀ ਭਾਵਨਾ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ ਹੈ।

ਝੋਨੇ ਦੀ ਆਮਦ ਨਾਲ ਮੰਡੀਆਂ 'ਚ ਲੱਗਣ ਲੱਗੀ ਰੌਣਕ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਹੁਣ ਤੱਕ 225783 ਮੀਟਿਕ ਟਨ ਬਾਸਮਤੀ ਦੀ ਆਮਦ ਹੋ ਚੁੱਕੀ ਹੈ, ਜੋ ਕੁਝ ਵਪਾਰੀਆਂ ਨੇ ਖਰੀਦ ਕਰਕੇ ਮੰਡੀਆਂ ਵਿੱਚੋਂ ਚੁੱਕ ਵੀ ਲਈ ਹੈ। ਹੁਣ ਮੰਡੀਆਂ ਵਿੱਚ ਝੋਨਾ ਆਉਣ ਲੱਗਾ ਹੈ, ਜਿਸ ਦੀ ਖਰੀਦ ਵੀ ਨਾਲੋ ਨਾਲ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਦੱਸਿਆ ਕਿ ਖਰੀਦੇ ਗਏ ਝੋਨੇ ਦੀ ਅਦਾਇਗੀ ਵੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕਰਵਾਈ ਜਾ ਰਹੀ ਹੈ ਅਤੇ ਜ਼ਿਲ੍ਹੇ ਵਿੱਚ ਬਾਰਦਾਨੇ, ਲਿਫਟਿੰਗ, ਲੇਬਰ ਨੂੰ ਲੈ ਕੇ ਸਾਰੇ ਪ੍ਰਬੰਧ ਬਹੁਤ ਵਧੀਆ ਹਨ। ਉਨ੍ਹਾਂ ਦੱਸਿਆ ਕਿ ਹਰੇਕ ਸਬ ਡਵੀਜ਼ਨ ਵਿੱਚ ਐੱਸਡੀਐੱਮ ਬਤੌਰ ਨੋਡਲ ਅਫਸਰ ਖਰੀਦ ਪ੍ਰਬੰਧ ਵੇਖ ਰਹੇ ਹਨ ਅਤੇ ਉਨ੍ਹਾਂ ਨੂੰ ਮੰਡੀਆਂ ਵਿੱਚ ਪਹੁੰਚ ਕੇ ਖਰੀਦ ਪ੍ਰਬੰਧਾਂ ਉਤੇ ਨਜ਼ਰ ਰੱਖਣ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਬਾਸਮਤੀ ਦੀ ਕਾਸ਼ਤ ਲਈ ਜਾਣਿਆ ਜਾਂਦਾ ਹੈ ਅਤੇ ਪੰਜਾਬ ਦੀ ਕੁੱਲ ਬਾਸਮਤੀ ਦਾ 35 ਫੀਸਦੀ ਹਿੱਸਾ ਅੰਮ੍ਰਿਤਸਰ ਪੈਦਾ ਕਰਦਾ ਹੈ, ਜੋ ਕਿ ਇਸ ਵਾਰ ਹੋਰ ਵੱਧਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਫਿਲਹਾਲ ਅਗੇਤੀ ਪੱਕਣ ਵਾਲੀ ਬਾਸਮਤੀ ਦੀ ਕਿਸਮ ਹੀ ਮੰਡੀਆਂ ਵਿੱਚ ਆਈ ਹੈ, ਜਿਸ ਨਾਲ ਕਰੀਬ ਸਵਾ ਦੋ ਲੱਖ ਟਨ ਖਰੀਦ ਹੋਈ ਹੈ ਅਤੇ 1121 ਦੀ ਆਮਦ ਨਾਲ ਇਹ ਅੰਕੜਾ ਛੇ ਲੱਖ ਮੀਟਰਿਕ ਟਨ ਨੂੰ ਪਾਰ ਕਰੇਗਾ। ਉਨ੍ਹਾਂ ਦੱਸਿਆ ਕਿ ਕਿਸਾਨਾਂ ਦੀ ਸਹੂਲਤ ਲਈ ਮੰਡੀਆਂ ਵਿੱਚ ਸਾਰੇ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਗਏ ਹਨ ਤਾਂ ਜੋ ਮੰਡੀਆਂ ਵਿੱਚ ਫਸਲ ਵੇਚਣ ਲਈ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸੁੱਕਿਆ ਹੋਇਆ ਝੋਨਾ ਮੰਡੀਆਂ ਵਿੱਚ ਲੈ ਕੇ ਆਉਣ ਤਾਂ ਜੋ ਮੰਡੀਆਂ ਵਿੱਚ ਬੈਠਣਾ ਨਾ ਪਵੇ।

ਪੱਤਰਕਾਰਾਂ ਖ਼ਿਲਾਫ਼ ਕਾਰਵਾਈ ਦੀ ਨਿੰਦਾ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਇੱਥੇ ਦੇਸ਼ ਭਗਤ ਪੰਡਤ ਕਿਸ਼ੋਰੀ ਲਾਲ ਯਾਦਗਾਰ ਕਮੇਟੀ ਤਲਵਾੜਾ ਨੇ ਨਿਊਜ਼ ਪੋਰਟਲ ਨਿਊਜ਼ਕਲਿੱਕ ਦੇ ਦਫ਼ਤਰ ਅਤੇ ਪੱਤਰਕਾਰਾਂ 'ਤੇ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਈ ਡੀ ਦੀ ਕਾਰਵਾਈ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਕਮੇਟੀ ਦੇ ਸਰਪ੍ਰਸਤ ਗਿਆਨ ਸਿੰਘ ਗੁਪਤਾ, ਪ੍ਰਧਾਨ ਯੁਗਰਾਜ ਸਿੰਘ, ਜਨਰਲ ਸਕੱਤਰ ਸ਼ਿਵ ਕੁਮਾਰ ਅਮਰੋਹੀ ਨੇ ਸਾਂਝੇ ਬਿਆਨ 'ਚ ਕਿਹਾ ਕਿ ਮੀਡੀਆ ਅਦਾਰੇ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁੰਨਾਂ ਵੱਲੋਂ ਮੋਦੀ ਸਰਕਾਰ ਦੀਆਂ ਨਾਕਾਮੀਆਂ ਨੂੰ ਲਗਾਤਾਰ ਲੋਕ ਕਚਹਿਰੀ 'ਚ ਪੇਸ਼ ਕੀਤਾ ਜਾ ਰਿਹਾ ਸੀ, ਉੱਥੇ ਹੀ ਪੱਤਰਕਾਰ ਭਾਸ਼ਾ ਸਿੰਘ ਅਤੇ ਅਭਿਸਾਰ ਸ਼ਰਮਾ ਨੇ ਇਤਿਹਾਸਕ ਕਿਸਾਨ ਅੰਦੋਲਨ ਦੀ ਨਿਰਪੱਖ ਅਤੇ ਨਿਡਰ ਰਿਪੋਰਟਿੰਗ ਕੀਤੀ ਸੀ। ਕੇਂਦਰ ਸਰਕਾਰ ਦੀ ਕਾਰਵਾਈ ਨੇ ਸਾਬਿਤ ਕਰ ਦਿੱਤਾ ਹੈ ਕਿ ਭਾਜਪਾ ਹਕੂਮਤ ਵਿਰੋਧ ਦੀ ਕਿਸੇ ਵੀ ਆਵਾਜ਼ ਨੂੰ ਬਰਦਾਸ਼ਤ ਨਹੀਂ ਕਰਨਾ ਚਾਹੁੰਦੀ। ਹਲਕਾ ਦਸੂਹਾ ਤੋਂ ਬਸਪਾ ਇੰਚਾਰਜ ਅਮਨਦੀਪ ਹੈਪੀ ਅਤੇ ਸੀਨੀਅਰ ਕਾਂਗਰਸੀ ਆਗੂ ਅਨਿਲ ਕੁਮਾਰ ਬਿਟੂ ਨੇ ਵੀ ਨਿਰਪੱਖ ਅਤੇ ਨਿਡਰ ਪੱਤਰਕਾਰਿਤਾ ਲਈ ਜਾਣੇ ਜਾਂਦੇ ਨਿਊਜ਼ਕਲਿੱਕ ਪੋਰਟਲ ਅਤੇ ਉਸਦੇ ਪੱਤਰਕਾਰਾਂ ਖ਼ਿਲਾਫ਼ ਕੀਤੀ ਕਾਰਵਾਈ ਦੀ ਨਿੰਦਾ ਕੀਤੀ ਹੈ।

ਅੱਜ ਬਿਜਲੀ ਬੰਦ ਰਹੇਗੀ

ਅੱਡਾ ਸਰਾਂ (ਜਸਵੀਰ ਕਾਜਲ)- ਵਧੀਕ ਸਹਾਇਕ ਇੰਜੀਨਿਅਰ ਉਪ ਮੰਡਲ ਕੰਧਾਲਾ ਜੱਟਾ ਇੰਜ ਵਿਜੇ ਕੁਮਾਰ ਨੇ ਪ੍ਰੈਸ ਨੂ ਜਾਣਕਾਰੀ ਦਿੱਤੀ ਕਿ 66 ਸ/ਸ ਕੰਧਾਲਾ ਜੱਟਾ ਦੀ ਜਰੂਰੀ ਮੁਰਮੱਤ ਕਰਨ ਕਰਕੇ ਮਿਤੀ 9/10/23 ਨੂ ਸਵੇਰੇ 9 ਵਜੇ ਤੋਂ 4 ਵਜੇ ਤੱਕ ਸਾਰੀ ਸਪਲਾਈ ਬੰਦ ਰਹੇਗੀ

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਨਾਇਬ-ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਨਵਾਂਸ਼ਹਿਰ

ਮਿਸਲ ਨੰ. 11 ਐੱਨ ਟੀ, ਦਾਇਰ ਮਿਤੀ : 18-08-2023

ਕਿਸਮ : ਤਕਸੀਮ ਪੇਸ਼ੀ : ਮਿਤੀ : 20-10-2023

ਪਿੰਡ : ਰਾਹੋਂ-1

ਅਨੁਵਾਨ ਮੁਕੱਦਮਾ : ਸੋਹਣ ਸਿੰਘ ਵਗੈਰਾ ਬਨਾਮ ਹਰਿੰਦਰ ਮੋਹਨ ਵਗੈਰਾ

1. ਸੋਹਣ ਸਿੰਘ ਪੁੱਤਰ ਕਾਬਲ ਸਿੰਘ ਪੁੱਤਰ ਗੋਂਦਾ ਸਿੰਘ ਵਾਸੀ ਭਾਰਟਾ ਖੁਰਦ, 2. ਸੁਰਿੰਦਰ ਕੌਰ ਪਤਨੀ ਸੁਰਿੰਦਰ ਪਾਲ ਸਿੰਘ ਉਰਫ ਸਵਿੰਦਰ ਸਿੰਘ ਪੁੱਤਰ ਭਗਤ ਸਿੰਘ ਵਾਸੀ ਮੁਹੱਲਾ ਰਾਜਪੂਤਾਂ ਰਾਹੋਂ ਤਹਿ. ਨਵਾਂਸ਼ਹਿਰ ਮੁਖਤਾਰੀ ਆਮ ਤੇਜਿੰਦਰਪਾਲ ਸਿੰਘ ਪੁੱਤਰ ਸੁਰਿੰਦਰ ਪਾਲ ਸਿੰਘ ਉਰਫ ਸਵਿੰਦਰ ਸਿੰਘ ਪੁੱਤਰ ਭਗਤ ਸਿੰਘ, 3. ਤੇਜਿੰਦਰ ਪਾਲ ਸਿੰਘ ਪੁੱਤਰ ਸੁਰਿੰਦਰ ਪਾਲ ਉਰਫ ਸੁਵਿੰਦਰ ਪਾਲ ਸਿੰਘ ਵਾਸੀ ਮਹੱਲਾ ਰਾਜਪੂਤਾਂ ਰਾਹੋਂ, ਤਹਿ. ਨਵਾਂਸ਼ਹਿਰ.....ਫਰੀਦ ਅੱਵਲ

ਬਨਾਮ

1. ਹਰਿੰਦਰ ਮੋਹਨ, 2. ਰਵਿੰਦਰ ਮੋਹਨ, 3. ਰਮਨੀਕ ਕੁਮਾਰ, 4. ਧੁਨੇਸ਼ ਕੁਮਾਰ ਉਰਫ ਦਿਨੇਸ਼ ਕੁਮਾਰ ਬੇਟੇ ਰਾਮ ਪ੍ਰਕਾਸ਼ ਪੁੱਤਰ ਦੁਰਗਾ ਦਾਸ, 5. ਦਵਿੰਦਰ ਮੋਹਨ ਪੁੱਤਰ ਰਾਮ ਪ੍ਰਕਾਸ਼ ਪੁੱਤਰ ਦੁਰਗਾ ਮੁਤਲਵੀ ਰਾਹੀਂ ਵਾਰਸ a. ਸ੍ਰੀਮਤੀ ਵੀਨਾ ਵਿਧਵਾ ਦਵਿੰਦਰ ਮੋਹਨ ਪੁੱਤਰ ਰਾਮ ਪ੍ਰਕਾਸ਼, b. ਅਨਿਲ c. ਮਨੀਸ਼ ਬੇਟੇ ਦਵਿੰਦਰ ਮੋਹਨ ਪੁੱਤਰ ਰ

9-OCT-PAGE-7.qxd 10/8/2023 9:56 PM Page 1

ਮਾਮਲਾ ਗ਼ਰੀਬ ਲੜਕੇ ਨੂੰ ਅਗਵਾ ਕਰਕੇ ਕੁੱਟਮਾਰ ਕਰਨ ਦਾ

ਜਥੇਦਾਰ ਮਾਹਲਾ ਨੇ ਥਾਣੇ ਮੂਹਰੇ ਲਾਇਆ ਧਰਨਾ, ਰੋਸ ਪ੍ਰਦਰਸ਼ਨ

ਬਾਘਾ ਪੁਰਾਣਾ (ਮਨੀ ਸਿੰਗਲਾ)

ਸ਼ਹਿਰ ਦੇ ਚੰਨੂੰਵਾਲਾ ਰੋਡ 'ਤੇ ਸਥਿਤ ਇੱਕ ਕਰਿਆਨੇ ਦੀ ਦੁਕਾਨ ਤੋਂ ਇੱਕ ਲੜਕੇ ਨੂੰ ਕੁਝ ਨੌਜਵਾਨ ਅਗਵਾ ਕਰਕੇ ਲੈ ਜਾਂਦੇ ਹਨ, ਪਰ ਕੋਈ ਕਾਰਵਾਈ ਨਾ ਹੋਣ 'ਤੇ ਦੁਕਾਨ ਤੋਂ ਅਗਵਾ ਹੋਏ ਗ਼ਰੀਬ ਪਰਵਾਰ ਦੇ ਲੜਕੇ ਦੇ ਹੱਕ ਵਿੱਚ ਆਉਂਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਤੇ ਪਾਰਟੀ ਦੇ ਜਰਨਲ ਸਕੱਤਰ ਤੀਰਥ ਸਿੰਘ ਮਾਹਲਾ ਨੇ ਕਥਿਤ ਦੋਸ਼ੀਆਂ ਉਪਰ ਕਾਰਵਾਈ ਨੂੰ ਲੈ ਸਾਥੀਆਂ ਨਾਲ ਥਾਣਾ ਬਾਘਾਪੁਰਾਣਾ ਮੂਹਰੇ ਧਰਨਾ ਲਾ ਕੇ ਰੋਸ ਪ੍ਰਦਰਸ਼ਨ ਕੀਤਾ ਅਤੇ ਉਸ ਸਮੇਂ ਤੱਕ ਧਰਨਾ ਜਾਰੀ ਰੱਖਿਆ, ਜਦੋਂ ਤੱਕ ਪੁਲਸ ਵੱਲੋਂ ਕਥਿਤ ਦੋਸ਼ੀਆਂ 'ਤੇ ਕਾਰਵਾਈ ਨਹੀਂ ਕੀਤੀ ਤੇ ਪਰਚਾ ਦਰਜ ਕਰਨ ਤੋਂ ਬਾਅਦ ਜਥੇਦਾਰ ਤੀਰਥ ਸਿੰਘ ਮਾਹਲਾ ਤੇ ਪੀੜਤ ਪਰਵਾਰ ਵੱਲੋਂ ਧਰਨਾ ਖਤਮ ਕੀਤਾ ਗਿਆ। ਥਾਣੇ ਮੂਹਰੇ ਦਿੱਤੇ ਗਏ ਧਰਨੇ ਨੂੰ ਸੰਬੋਧਨ ਕਰਦਿਆਂ ਜਥੇਦਾਰ ਤੀਰਥ ਸਿੰਘ ਮਾਹਲਾ ਨੇ ਕਿਹਾ ਕਿ ਚੰਨੂੰ ਵਾਲਾ ਰੋਡ 'ਤੇ ਇਕ ਦੁਕਾਨ 'ਤੇ ਕੰਮ ਕਰਦੇ ਲੜਕੇ ਨੂੰ ਰੰਜਿਸ਼ ਦੇ ਤਹਿਤ ਜੈ ਸਿੰਘ ਵਾਲਾ ਦੇ ਵਿਅਕਤੀਆਂ ਵੱਲੋਂ ਅਗਵਾ ਕੀਤੇ ਲੜਕੇ ਦੀ ਖ਼ਬਰ ਪੁਲਸ ਨੂੰ ਦੇਣ 'ਤੇ ਪੁਲਸ

ਨੇ ਪਿੱਛਾ ਕੀਤਾ ਤਾਂ ਅਗਵਾਕਾਰਾਂ ਨੇ ਲੜਕੇ ਨੂੰ ਬੁਰੀ ਤਰੀਕੇ ਨਾਲ ਫੱਟੜ ਕਰਕੇ ਛੱਡ ਦਿੱਤਾ, ਜਿਸ ਨੂੰ ਸਰਕਾਰੀ ਹਸਪਤਾਲ ਮੋਗਾ ਵਿਖੇ ਦਾਖਲ ਕਰਾਉਣਾ ਪਿਆ। ਅਗਵਾਕਾਰਾਂ 'ਤੇ ਜਦੋਂ ਪੁਲਸ ਪ੍ਰਸ਼ਾਸਨ ਨੇ ਕਾਰਵਾਈ ਨਾ ਕੀਤੀ ਗਈ ਤਾਂ ਉਹ ਥਾਣੇ ਮੂਹਰੇ ਧਰਨਾ ਲਈ ਲਾਉਣ ਲਈ ਮਜਬੂਰ ਹੋਏ ਹਨ। ਉਨ੍ਹਾਂ ਕਿਹਾ ਕਿ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਉਦੋਂ ਤੋਂ ਪੰਜਾਬ ਦੇ ਲੋਕ ਸੁਰੱਖਿਅਤ ਨਹੀਂ, ਦਿਨ-ਦਿਹਾੜੇ ਲੋਕਾਂ ਨੂੰ ਅਗਵਾ ਕਰਨ ਅਤੇ ਲੁੱਟਾਂ-ਖੋਹਾਂ ਗੁੰਡਾਗਰਦੀ ਕਰਨ ਦੀਆਂ ਘਟਨਾਵਾਂ ਰੋਜ਼ਾਨਾ ਹੀ ਵਾਪਰਦੀਆਂ ਰਹਿੰਦੀਆਂ ਹਨ। ਉਨ੍ਹਾਂ ਕਿਹਾ ਕਿ ਦਿਨੋ ਦਿਨ ਪੰਜਾਬ ਦੇ ਹਾਲਾਤ ਵਿਗੜ ਰਹੇ ਹਨ, ਜਿਸ ਕਰਕੇ ਸਹਿਮ ਦਾ ਮਾਹੌਲ ਹੈ। ਕੋਈ ਵੀ ਅਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝ ਰਿਹਾ। ਜਥੇਦਾਰ ਮਾਹਲਾ ਨੇ ਕਿਹਾ ਕਿ ਭਰੇ ਬਾਜ਼ਾਰ 'ਚੋਂ ਦੁਕਾਨਦਾਰ ਦੇ ਮੁਲਾਜ਼ਮ ਨੂੰ ਅਗਵਾ ਕਰਕੇ ਲੈ ਗਏ ਸਨ, ਉਹ ਤਾਂ ਪੁਲਸ ਦੀ ਮੁਸਤੈਦੀ ਕਾਰਨ ਮੁੰਡਾ ਬਚ ਗਿਆ, ਨਹੀਂ ਤਾਂ ਮਾਰ ਦੇਣਾ ਸੀ।

ਮਾਮਲਾ ਦਰਜ ਕਰਨ ਦੇ ਬਾਅਦ ਧਰਨਕਾਰੀਆਂ ਵੱਲੋਂ ਆਪਣਾ ਧਰਨਾ ਚੁੱਕਿਆ ਗਿਆ। ਇਹ ਮੌਕੇ ਪਵਨ ਢੰਡ, ਸੁਖਚਰਨ ਸਿੰਘ ਛਿੰਦਾ ਠੱਠੀ ਭਾਈ, ਸਰਕਲ ਪ੍ਰਧਾਨ ਬਲਤੇਜ ਸਿੰਘ ਲੰਗੇਆਣਾ, ਚੇਅਰਮੈਨ ਹਰਮੇਲ ਸਿੰਘ ਮੋੜ, ਸੁਖਜੀਤ ਸਿੰਘ ਮਾਹਲਾ, ਇੰਦਰਜੀਤ ਸਿੰਘ ਲੰਗੇਆਣਾ, ਕਾਕਾ ਬਰਾੜ, ਵਿੱਕੀ ਫੂਲੇਵਾਲਾ, ਚੈਰੀ ਭਾਟੀਆ, ਜਗਸੀਰ ਸਿੰਘ ਲੰਗੇਆਣਾ, ਤਰਲੋਚਨ ਕਾਲੇਕੇ, ਪਵਨ ਗੋਇਲ, ਸਤਨਾਮ ਸਿੰਘ ਸੱਤੂ, ਚਰਨਪ੍ਰੀਤ ਸਿੰਘ, ਬਚਿੱਤਰ ਸਿੰਘ ਕਾਲੇਕੇ, ਪ੍ਰਿਥੀ ਸਿੰਘ, ਕੁਲਵਿੰਦਰ ਸਿੰਘ ਮਨੀ, ਰਣਜੀਤ ਸਿੰਘ ਝੀਤੇ, ਤਾਰਾ ਰੋਡੇ, ਗੁਰਜੀਤ ਸਿੰਘ ਕੋਟਲਾ ਅਤੇ ਹੋਰ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਹਾਜ਼ਰ ਸਨ।

ਬੇਕਰੀ ਤੇ ਮਠਿਆਈ ਦੀਆਂ ਦੁਕਾਨਾਂ 'ਚੋਂ ਨਮੂਨੇ ਲਏ

ਮਾਨਸਾ (ਪਮਾਰ)-ਲੋਕਾਂ ਦੀ ਸਿਹਤ ਨਾਲ ਖਿਲਵਾੜ ਨੂੰ ਰੋਕਣ ਦੇ ਮਕਸਦ ਨਾਲ ਸਿਹਤ ਮੰਤਰੀ ਪੰਜਾਬ ਡਾਕਟਰ ਬਲਵੀਰ ਸਿੰਘ ਵੱਲੋਂ ਜਾਰੀ ਹੁਕਮਾਂ ਤਹਿਤ ਸਿਹਤ ਵਿਭਾਗ ਦੀ ਟੀਮ ਵੱਲੋਂ ਵੱਖ ਵੱਖ ਫੂਡ ਬਿਜ਼ਨੈੱਸ ਆਪ੍ਰੇਟਰਾਂ ਪਾਸੋਂ ਰੰਗ-ਬਿਰੰਗੇ ਅੱਧੀ ਦਰਜਨ ਦੇ ਕਰੀਬ ਕੇਕਾਂ ਦੇ ਸੈਂਪਲ ਸੀਲ ਕਰਦੇ ਹੋਏ ਜਾਂਚ ਲਈ ਲੈਬੋਰਟਰੀ ਵਿਖੇ ਭੇਜੇ ਗਏ। ਜ਼ਿਲ੍ਹਾ

ਸਿਹਤ ਅਫ਼ਸਰ ਡਾਕਟਰ ਰਣਜੀਤ ਸਿੰਘ ਰਾਏ ਨੇ ਦੱਸਿਆ ਕਿ ਸਿਹਤ ਮੰਤਰੀ ਪੰਜਾਬ ਤੇ ਵਿਭਾਗ ਦੇ ਚੇਅਰਮੈਨ ਡਾਕਟਰ ਅਵਿਨਵ ਤ੍ਰਿਖਾ ਵੱਲੋਂ ਲੋਕਾਂ ਦਾ ਸਿਹਤ ਨਾਲ ਹੋਣ ਵਾਲੇ ਖਿਲਵਾੜ ਨੂੰ ਰੋਕਣ ਦੇ ਮਕਸਦ ਨਾਲ ਮਾਨਸਾ ਸ਼ਹਿਰ ਦੇ ਵੱਖ-ਵੱਖ ਫੂਡ ਬਿਜਨੈੱਸ ਜਿਨ੍ਹਾਂ ਵਿੱਚ ਬੇਕਰੀ ਤੇ ਸਵੀਟ ਸ਼ਾਪ ਤੋਂ ਅੱਧੀ ਦਰਜਨ ਦੇ ਕਰੀਬ ਸੈਂਪਲ ਸੀਲ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਜ਼ਿਲ੍ਹਾ ਸਿਹਤ ਅਫ਼ਸਰ ਡਾਕਟਰ ਰਣਜੀਤ ਸਿੰਘ ਰਾਏ ਤੇ ਫੂਡ ਸੇਫਟੀ ਅਫ਼ਸਰ ਸ੍ਰੀ ਅਮਰਿੰਦਰ ਪਾਲ ਸਿੰਘ ਚਹਿਲ ਨੇ ਦੱਸਿਆ ਕਿ ਦੁਕਾਨਦਾਰਾਂ ਨੂੰ ਸਾਫ਼-ਸੁਥਰਾ ਅਤੇ ਚੰਗੇ ਮਟੀਰੀਅਲ ਨਾਲ ਤਿਆਰ ਸਮਾਨ ਵੇਚਣ ਦੀ ਅਪੀਲ ਕੀਤੀ ਗਈ ਤੇ ਫੂਡ ਸੇਫਟੀ ਵਿਭਾਗ ਵੱਲੋਂ ਮਨਜ਼ੂਰਸ਼ੁਦਾ ਰੰਗ ਹੀ ਵਰਤਣ ਲੈ ਕਿਹਾ ਗਿਆ। ਉਨ੍ਹਾਂ ਵੱਲੋਂ ਦੁਕਾਨਦਾਰਾਂ ਨੂੰ ਲਾਇਸੈਂਸ ਅਤੇ ਰਜਿਸਟ੍ਰੇਸ਼ਨ ਕਰਾਉਣ ਲਈ ਵੀ ਕਿਹਾ ਗਿਆ ਅਤੇ ਦੁਕਾਨਦਾਰਾਂ ਨੂੰ ਆਪਣੇ ਲਾਇਸੈਂਸ ਦੁਕਾਨ ਦੇ ਬਾਹਰ ਡਿਸਪਲੇਅ ਕਰਨ ਲਈ ਵੀ ਕਿਹਾ।

ਅਧਿਆਪਕਾਂ 'ਤੇ ਵਿੱਤੀ ਬੋਝ ਪਾਉਣਾ ਮੰਦਭਾਗਾ : ਡੈਮੋਕ੍ਰੇਟਿਕ ਟੀਚਰਜ਼ ਫਰੰਟ

ਤਲਵੰਡੀ ਸਾਬੋ (ਜਗਦੀਪ ਗਿੱਲ)

ਸਕੂਲ ਸਿੱਖਿਆ ਵਿਭਾਗ ਪੰਜਾਬ ਨੇ ਮਹਿੰਗਾਈ ਨੂੰ ਅਣਦੇਖਿਆ ਕਰਕੇ ਕਲੱਸਟਰ, ਬਲਾਕ ਅਤੇ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡਾਂ ਦੇ ਸਮੁੱਚੇ ਸੰਚਾਲਨ ਲਈ ਬਿਨਾਂ ਸੋਚੇ ਸਮਝੇ ਕ੍ਰਮਵਾਰ 2000, 5000 ਅਤੇ 25000 ਦੀ ਰਾਸ਼ੀ ਦਾ ਐਲਾਨ ਖੇਡ ਨੀਤੀ 2023 ਰਾਹੀਂ ਕੀਤਾ ਹੈ ਜਦੋਂ ਕਿ ਹਰ ਪੱਧਰ ਦੀਆਂ ਖੇਡਾਂ 'ਤੇ ਵਿਭਾਗ ਵੱਲੋਂ ਐਲਾਨੀ ਰਾਸ਼ੀ ਨਾਲੋਂ ਪੰਜ ਤੋਂ ਦਸ ਗੁਣਾ ਵੱਧ ਖਰਚਾ ਸੁਭਾਵਕ ਹੀ ਹੁੰਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਬਠਿੰਡਾ ਦੇ ਪ੍ਰਧਾਨ ਰੇਸ਼ਮ ਸਿੰਘ ਅਤੇ ਜਨਰਲ ਸਕੱਤਰ ਜਸਵਿੰਦਰ ਸਿੰਘ ਨੇ ਕੀਤਾ। ਆਗੂਆਂ ਨੇ ਕਿਹਾ ਕਿ ਖੇਡਾਂ ਸਿੱਖਿਆ ਦਾ ਅਟੁੱਟ ਅੰਗ ਹਨ, ਇਸ ਲਈ ਇਨ੍ਹਾਂ ਖੇਡਾਂ ਨੂੰ ਸੁਚੱਜੇ ਰੂਪ ਵਿੱਚ ਕਰਵਾਉਣਾ ਸਕੂਲ ਸਿੱਖਿਆ ਵਿਭਾਗ ਦੀ ਮੁਢਲੀ ਜ਼ਿੰਮੇਵਾਰੀ ਹੈ। ਪ੍ਰੰਤੂ ਪ੍ਰਾਇਮਰੀ ਜਮਾਤਾਂ ਦੀਆਂ ਸਕੂਲੀ ਖੇਡਾਂ ਲਈ ਨਿਗੂਣੀਆਂ ਰਾਸ਼ੀਆਂ ਅਲਾਟ ਕਰਕੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਆਰਥਿਕ ਤੇ ਸਮਾਜਿਕ ਰੂਪ ਵਿੱਚ ਹਾਸ਼ੀਏ 'ਤੇ ਧੱਕੇ ਵਰਗ ਦੇ ਬੱਚਿਆਂ ਤੋਂ ਉਨ੍ਹਾਂ ਦਾ ਹੱਕ ਖੋਹਿਆ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਸਰਕਾਰ

ਆਪਣੀ ਜ਼ਿੰਮੇਵਾਰੀ ਤੋਂ ਸਰੇਆਮ ਭੱਜ ਰਹੀ ਹੈ ਜਿਸ ਦੇ ਸਿੱਟੇ ਵਜੋਂ ਇਨ੍ਹਾਂ ਖੇਡਾਂ ਨੂੰ ਸੁਚਾਰੂ ਤਰੀਕੇ ਨਾਲ ਕਰਵਾਉਣ ਦਾ ਵਿੱਤੀ ਬੋਝ ਅਧਿਆਪਕਾਂ ਦੀਆਂ ਜੇਬਾਂ 'ਤੇ ਪੈਂਦਾ ਹੈ ਕਿਉਂਕਿ ਵਿਭਾਗ ਦੇ ਬਲਾਕ ਅਤੇ ਜ਼ਿਲ੍ਹਾ ਪੱਧਰ ਦੇ ਅਧਿਕਾਰੀ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਇਨ੍ਹਾਂ ਖੇਡਾਂ ਲਈ ਲੋੜੀਂਦੀ ਰਾਸ਼ੀ ਜਾਰੀ ਕਰਨ ਲਈ ਕਹਿਣ ਦੀ ਥਾਂ ਅਧਿਆਪਕਾਂ ਨੂੰ ਇਨ੍ਹਾਂ ਖੇਡਾਂ ਨੂੰ ਕਰਾਉਣ ਲਈ ਪੈਸੇ ਇਕੱਠੇ ਕਰਨ ਲਈ ਕਹਿੰਦੇ ਹਨ। ਆਪਣੇ ਅਧਿਕਾਰੀਆਂ ਦੇ ਰੋਅਬ-ਦਾਬ ਕਾਰਨ ਅਧਿਆਪਕਾਂ ਨੂੰ ਇਹ ਪੈਸੇ ਦੇਣੇ ਪੈਂਦੇ ਹਨ ਜੋ ਕਿ ਉਨ੍ਹਾਂ ਨਾਲ ਸਰਾਸਰ ਧੱਕਾ ਹੈ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ ਸਿੱਘ, ਮੀਤ ਪ੍ਰਧਾਨ ਵਿਕਾਸ ਨੇ ਸੁਆਲ ਕਰਦਿਆਂ ਕਿਹਾ ਕਿ ਏਸ਼ੀਆਈ ਖੇਡਾਂ ਵਿੱਚ ਦੇਸ ਦਾ ਜਾਪਾਨ ਅਤੇ ਚੀਨ ਤੋਂ ਪਛੜ ਜਾਣਾ ਨੁਕਸਦਾਰ ਖੇਡ ਨੀਤੀ ਦਾ ਨਤੀਜਾ ਹੈ। ਆਗੂਆਂ ਨੇ ਮੰਗ ਕੀਤੀ ਕਿ ਕਿਹਾ ਕਿ ਜਥੇਬੰਦੀ ਸਰਕਾਰ ਨੂੰ ਉਸ ਦੀਆਂ ਪ੍ਰਇਮਰੀ ਵਿਭਾਗ ਦੀਆਂ ਖੇਡਾਂ ਸਕੂਲ, ਸੈਂਟਰ ਅਤੇ ਬਲਾਕ ਪੱਧਰ ਤੇ ਵੱਖਰੀ ਗ੍ਰਾਂਟ ਜਾਰੀ ਕੀਤੀ ਜਾਵੇ।

ਪ੍ਰਾਇਮਰੀ ਜਮਾਤਾਂ ਦੀਆਂ ਕਲੱਸਟਰ ਪੱਧਰੀ ਖੇਡਾਂ ਲਈ ਘੱਟੋ-ਘੱਟ 20000, ਬਲਾਕ ਪੱਧਰੀ ਖੇਡਾਂ ਲਈ 50000 ਅਤੇ ਜ਼ਿਲ੍ਹਾ ਪੱਧਰੀ ਖੇਡਾਂ ਲਈ 100000 ਰੁਪਏ ਵਿਭਾਗ ਵੱਲੋਂ ਅਲਾਟ ਕੀਤੇ ਜਾਣ। ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਇਸ ਸਬੰਧ ਵਿੱਚ ਸੁਹਿਰਦਤਾ ਨਾ ਦਿਖਾਈ ਤਾਂ ਜਥੇਬੰਦੀ ਤਿੱਖੇ ਐਕਸਨਾਂ ਲਈ ਮਜਬੂਰ ਹੋਵੇਗੀ। ਇਸ ਸਮੇਂ ਰਾਜਵਿੰਦਰ ਜਲਾਲ, ਭੋਲਾ ਰਾਮ, ਬਲਕਰਨ ਕੋਟ ਸਮੀਰ, ਭੁਪਿੰਦਰ ਮਾਈਸਰਖਾਨਾ, ਅਸ਼ਵਨੀ ਕੁਮਾਰ, ਰਨਦੀਪ ਕੌਰ ਖਾਲਸਾ ਅਤੇ, ਬਲਜਿੰਦਰ ਕੌਰ ਅਧਿਆਪਕ ਆਗੂ ਹਾਜ਼ਰ ਸਨ।

ਕਾਤਰਾਂ

ਗੁਰਦੁਆਰਾ ਥੇੜ੍ਹੀ ਸਾਹਿਬ ਦੇ ਵਿਸਥਾਰ ਲਈ ਸ਼੍ਰੋਮਣੀ ਕਮੇਟੀ ਵੱਲੋਂ 75 ਲੱਖ ਰੁਪਏ ਮਨਜ਼ੂਰ

ਮਲੋਟ (ਗੁਰਮੀਤ ਸਿੰਘ ਮੱਕੜ)-ਦਸਮਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ਼੍ਰੀ ਥੇੜ੍ਹੀ ਸਾਹਿਬ ਵਿਖੇ ਕੁੱਝ ਬੁਨਿਆਦੀ ਜ਼ਰੂਰਤਾਂ ਦੀ ਪੂਰਤੀ ਜਿਵੇਂ ਕਿ ਲੰਗਰ ਹਾਲ, ਲੰਗਰ ਹਾਲ ਤੱਕ ਦਾ ਰਸਤਾ ਪੱਕਾ ਕਰਨਾ, ਆਪਣੇ ਵਿੱਛੜਿਆਂ ਦੀਆਂ ਅਸਥੀਆਂ ਸਰਹੰਦ ਫੀਡਰ ਵਾਲੀ ਥਾਂ ਜਲ ਪ੍ਰਵਾਹ ਕਰਨ ਵਾਲੀਆਂ ਸੰਗਤਾਂ ਵਾਸਤੇ ਸ਼ੈੱਡ ਦੀ ਉਸਾਰੀ ਆਦਿ ਦੀ ਮੰਗ ਸੀਵਰੇਜ ਬੋਰਡ ਦੇ ਇੰਜੀਨੀਅਰ ਤੇ ਸਹਾਰਾ ਸੇਵਾ ਦੇ ਬੁਲਾਰੇ ਰਾਕੇਸ਼ ਮੋਹਨ ਮੱਕੜ, ਜੋ ਕਿ ਆਪਣੀਆਂ ਸੇਵਾ ਦੇ ਨਾਲ ਸਮਾਜ ਸੇਵਾ ਨਾਲ ਜੁੜੇ ਹਨ, ਵੱਲੋਂ ਦਸੰਬਰ 2022 ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਰੱਖੀ ਸੀ। ਸੰਗਤਾਂ ਦੀਆਂ ਇਨ੍ਹਾਂ ਮੁਸ਼ਕਲਾਂ ਨੂੰ ਸਮਝਦੇ ਹੋਏ ਸ਼੍ਰੋਮਣੀ ਕਮੇਟੀ ਵੱਲੋਂ ਕਰੀਬ 75 ਲੱਖ ਰੁਪਏ ਦੀ ਰਾਸ਼ੀ ਨਾਲ ਇਹ ਕੰਮ ਕਰਵਾਉਣੇ ਸ਼ੁਰੂ ਕਰ ਦਿੱਤੇ ਹਨ। ਗੁਰਦੁਆਰਾ ਸਾਹਿਬ ਦੇ ਮੈਨੇਜਰ ਸ੍ਰ. ਸ਼ਗਨ ਦੀਪ ਸਿੰਘ ਵੱਲੋਂ ਦੱਸਿਆ ਕਿ ਕਾਰ ਸੇਵਾ ਵਾਲੀ ਸੰਗਤ ਵੱਲੋਂ ਇਹ ਕੰਮ ਸ਼ੁਰੂ ਕਰ ਦਿੱਤੇ ਗਏ ਹਨ ਤੇ ਆਉਣ ਵਾਲੇ 4 ਮਹੀਨੇ ਵਿੱਚ ਨੇਪਰੇ ਚੜ੍ਹ ਜਾਣਗੇ, ਜਿਸ ਨਾਲ ਗੁਰੂ ਘਰ ਦਰਸ਼ਨ ਹਿੱਤ ਆਉਣ ਵਾਲੀ ਸੰਗਤ ਹੋਰ ਸੁਖਾਲਾ ਮਹਿਸੂਸ ਕਰੇਗੀ। ਜਦੋਂ ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਇੰਸਪੈਕਟਰ ਗੁਰਚਰਨ ਸਿੰਘ ਨਾਲ ਕੀਤੀ ਤਾਂ ਉਨ੍ਹਾਂ ਇਨ੍ਹਾਂ ਕਾਰਜਾਂ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਹ ਕਾਰ ਸੇਵਾ ਭਾਈ ਹਰਬੰਸ ਸਿੰਘ ਦਿੱਲੀ ਵਾਲਿਆਂ ਨੂੰ ਸੌਂਪੀ ਗਈ ਹੈ ਤੇ ਉਨ੍ਹਾਂ ਵੱਲੋਂ ਬਾਥਰੂਮਾਂ ਦੀ ਉਸਾਰੀ ਸ਼ੁਰੂ ਕਰ ਦਿੱਤੀ ਹੈ ਤੇ ਅਗਲੇ ਪੜਾਅ ਵਿੱਚ ਸਰਹੰਦ ਫੀਡਰ ਸ਼ੈੱਡ ਪਾਉਣ, ਲੰਗਰ ਹਾਲ ਦੀ ਉਸਾਰੀ, ਟਾਇਲਾਂ ਲਾਉਣਾ ਆਦਿ ਤਰਤੀਬਵਾਰ ਕੀਤੇ ਜਾਣਗੇ।

ਸਰਪੰਚ ਗੁਰਪਿਆਰ ਸਿੰਘ ਧੂਰਾ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਮੈਂਬਰ ਨਿਯੁਕਤ

ਧੂਰੀ (ਸੁਖਦੇਵ ਧੂਰੀ)-ਟਕਸਾਲੀ ਕਾਂਗਰਸੀ ਆਗੂ ਅਤੇ ਪੰਚਾਇਤ ਯੂਨੀਅਨ ਦੇ ਸੂਬਾ ਆਗੂ ਅਤੇ ਪਿੰਡ ਧੂਰਾ ਦੇ ਸਰਪੰਚ ਗੁਰਪਿਆਰ ਸਿੰਘ ਧੂਰਾ ਨੂੰ ਕਾਂਗਰਸ ਹਾਈਕਮਾਂਡ ਵੱਲੋਂ ਵੱਡੀ ਜ਼ਿੰਮੇਵਾਰੀ ਦਿੰਦਿਆਂ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਹੈ। ਇਸ ਨਿਯੁਕਤੀ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਨਵ ਨਿਯੁਕਤ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਮੈਂਬਰ ਗੁਰਪਿਆਰ ਸਿੰਘ ਧੂਰਾ ਨੇ ਕਾਂਗਰਸ ਦੇ ਨੈਸ਼ਨਲ ਨੇਤਾ ਰਾਹੁਲ ਗਾਂਧੀ, ਅਮਰਿੰਦਰ ਸਿੰਘ ਰਾਜਾ ਵੜਿੰਗ ਪ੍ਰਧਾਨ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ, ਪ੍ਰਤਾਪ ਸਿੰਘ ਬਾਜਵਾ ਨੇਤਾ ਵਿਰੋਧੀ ਧਿਰ, ਵਿਜੈਇੰਦਰ ਸਿੰਗਲਾ ਸਾਬਕਾ ਕੈਬਿਨਟ ਮੰਤਰੀ ਅਤੇ ਸਾਬਕਾ ਵਿਧਾਇਕ ਤੇ ਕਾਂਗਰਸ ਕਮੇਟੀ ਦੇ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਦਲਵੀਰ ਸਿੰਘ ਗੋਲਡੀ ਸਮੇਤ ਸਮੁੱਚੀ ਕਾਂਗਰਸ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਂਦੇ ਹੋਏ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਰਹਿਣਗੇ।

ਪ੍ਰਿੰ. ਪਵਨ ਕੁਮਾਰ ਦਾ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)-ਪਿੰਡੀ ਭੁੱਲਰ ਨਮੋਲ ਰੋਡ 'ਤੇ ਚੱਲ ਰਹੇ ਚੰਡੀਗੜ੍ਹ ਸਕੂਲ ਦੇ ਪ੍ਰਿੰਸੀਪਲ ਪਵਨ ਕੁਮਾਰ ਨੂੰ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦਾ ਦਿਹਾਂਤ ਹੋ ਗਿਆ। ਇਸ ਅਚਾਨਕ ਮੌਤ 'ਤੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਚੇਅਰਮੈਨ ਮਹਿੰਦਰ ਸਿੰਘ ਦੁੱਲਟ, ਸ਼ਹੀਦ ਭਾਈ ਦਿਆਲਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਪ੍ਰਿੰ. ਨਰਪਿੰਦਰ ਸਿੰਘ ਢਿੱਲੋਂ, ਪ੍ਰਿੰ. ਹਰਪ੍ਰੀਤ ਸਿੰਘ ਸਿੱਧੂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਦੇ ਕੌਮੀ ਜਨਰਲ ਸਕੱਤਰ ਅੰਮ੍ਰਿਤਪਾਲ ਸਿੰਘ ਸਿੱਧੂ, ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰੈਸ ਸਕੱਤਰ ਅਮਰਜੀਤ ਸਿੰਘ ਗਿੱਲ, ਵਿਜੇ ਗੋਇਲ, ਕਾ. ਬੀਬੀ ਸ਼ਮਿੰਦਰ ਕੌਰ ਦੁੱਲਟ, ਨੀਟੂ ਸ਼ਰਮਾ, ਪ੍ਰਿੰ. ਓਮ ਪ੍ਰਕਾਸ਼ ਸੇਤੀਆ, ਗੋਬਿੰਦ ਸਿੰਘ ਗਿੱਲ ਤੋਂ ਇਲਾਵਾ ਲੌਂਗੋਵਾਲ ਦੇ ਸਮੁੱਚੇ ਪੱਤਰਕਾਰ ਭਾਈਚਾਰੇ ਨੇ ਦੁੱਖ ਦਾ ਪ੍ਰਗਟਾਵਾ

9-Oct-PAGE-8.qxd 10/8/2023 10:13 PM Page 1

ਜਨਤਕ ਜਥੇਬੰਦੀਆਂ ਵੱਲੋਂ ਦਿਹਾੜੀ 8 ਘੰਟੇ ਤੋਂ 12 ਘੰਟੇ ਕਰਨ 'ਤੇ ਰੋਸ

ਫਿਲੌਰ (ਨਿਰਮਲ) ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ (ਜੇਪੀਐਮਓ) ਵਲੋਂ ਕੰਮ ਦਿਹਾੜੀ ਅੱਠ ਘੰਟੇ ਤੋਂ ਬਾਰ੍ਹਾਂ ਘੰਟੇ ਕਰਨ ਦੇ ਰੋਸ ਵਜੋਂ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਆਗੂਆਂ ਨੇ ਰੋਸ ਪ੍ਰਗਟਾਉਂਦਿਆਂ ਕਿਹਾ ਕਿ ਇਸ ਨਾਲ ਕੰਮ ਕਰਨ ਵਾਲਿਆਂ ਦੀ ਮਾਨਸਿਕ ਸਿਹਤ 'ਚ ਵਿਗਾੜ ਪੈਦਾ ਹੋਣਗੇ। ਆਗੂਆਂ ਨੇ ਕਿਹਾ ਕਿ ਕਿਰਤ ਕਾਨੂੰਨਾਂ 'ਚ ਸੋਧ ਕਰਕੇ ਚਾਰ ਕਿਰਤ ਕੋਡ 'ਚ ਬਦਲਣ ਕਰਕੇ ਕੰਮ ਘੰਟੇ ਵਧਾ ਦਿੱਤਾ ਹਨ, ਜਿਸ ਨਾਲ ਪੂਰੇ ਸਮਾਜ 'ਚ ਮੁਸ਼ਕਲ ਪੈਦਾ ਹੋਵੇਗੀ। ਨਵੇਂ ਲੋਕਾਂ ਨੂੰ ਕੰਮ ਦੇ ਮੌਕੇ ਘਟਣਗੇ, ਜਿਸ ਨਾਲ ਸਮਾਜ 'ਚ ਤਣਾਅ ਵਧੇਗਾ। ਇਕੱਠੇ ਹੋਏ ਕਾਰਕੁਨਾ ਨੇ ਰੋਸ ਪਗਟਾਉਂਦੇ ਹੋਏ ਸਥਾਨਕ ਕਚਿਹਰੀ ਚੌਂਕ 'ਚ ਪੁਤਲਾ ਫੂਕਿਆ। ਪੁਤਲਾ ਫੂਕਣ ਵੇਲੇ ਕੇਂਦਰ ਅਤੇ ਪੰਜਾਬ ਸਰਕਾਰ ਖਿਲਾਫ ਜੋਰਦਾਰ ਨਾਅਰੇਬਾਜੀ ਕੀਤੀ। ਇਸ ਤੋਂ ਪਹਿਲਾ ਇਕੱਤਰਤਾ ਨੂੰ ਦਿਹਾਤੀ ਮਜਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਪਰਮਜੀਤ ਰੰਧਾਵਾ, ਤਹਿਸੀਲ ਪ੍ਰਧਾਨ ਜਰਨੈਲ ਫਿਲੌਰ, ਤਹਿਸੀਲ ਸਕੱਤਰ ਮੇਜਰ ਫਿਲੌਰ, ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਸਕੱਤਰ ਸੰਤੋਖ ਸਿੰਘ ਬਿਲਗਾ, ਤਹਿਸੀਲ ਪ੍ਰਧਾਨ ਕੁਲਦੀਪ ਫਿਲੌਰ, ਤਹਿਸੀਲ ਸਕੱਤਰ ਸਰਬਜੀਤ ਸੰਗੋਵਾਲ, ਮੁਲਾਜਮ ਆਗੂ ਬਲਵਿੰਦਰ ਸਰਗੂੰਦੀ, ਬਨਾਰਸੀ ਘੁੜਕਾ, ਪ੍ਰਿਥੀ ਫਿਲੌਰ, ਸੰਜੀਵ ਕੁਮਾਰ ਫੌਰਮੈਨ, ਕੁਲਵਿੰਦਰ ਸਿੰਘ, ਨਰਿੰਦਰ ਕੁਮਾਰ ਨੇ ਸੰਬੋਧਨ ਕੀਤਾ।

ਸਫਲਤਾ ਤੇ ਚਰਿੱਤਰ ਵਿਸ਼ੇ 'ਤੇ ਵਿਸ਼ੇਸ਼ ਪ੍ਰਾਰਥਨਾ ਸਭਾ

ਗੁਰਾਇਆ (ਬਿੰਦਰ ਸੁਮਨ)- ਜਿਵੇਂ ਪੱਕੀਆਂ ਇੱਟਾਂ ਨਾਲ ਪੱਕੀਆਂ ਇਮਾਰਤਾਂ ਦਾ ਨਿਰਮਾਣ ਹੁੰਦਾ ਹੈ, ਉਸੇ ਤਰ੍ਹਾਂ ਸੁਚਿੱਤਰ ਜਿਸ ਨੂੰ ਦੁਨੀਆਂ ਦੀ ਸਾਰੀ ਦੌਲਤ 'ਚੋਂ ਉੱਤਮ ਮੰਨਿਆ ਗਿਆ ਹੈ, ਰਾਹੀਂ ਵਧੀਆ ਸਮਾਜ ਦੀ ਸਿਰਜਣਾ ਹੁੰਦੀ ਹੈ। ਕਿਸੇ ਵੀ ਮਨੁੱਖ ਦੀ ਕਾਮਯਾਬੀ ਪਿੱਛੇ ਉਸਦਾ ਚੰਗ ਚਰਿੱਤਰ ਮੰਨਿਆ ਜਾਂਦਾ ਹੈ। ਐੱਸ ਟੀ ਐੱਸ ਵਰਲਡ ਸਕੂਲ ਦੇ ਵਿਹੜੇ 'ਚ ਸਫਲਤਾ ਅਤੇ ਚਰਿੱਤਰ ਵਿਸ਼ੇ ਨੂੰ ਮੁੱਖ ਰੱਖਦਿਆਂ ਖਾਸ ਪ੍ਰਾਰਥਨਾ ਸਭਾ ਆਯੋਜਿਤ ਕੀਤੀ ਗਈ। ਇਹ ਸਭਾ ਛੇਵੀਂ ਜਮਾਤ ਦੇ ਵਿਦਿਆਰਥੀਆਂ ਨੇ ਆਪਣੇ ਅਧਿਆਪਕ ਮੈਡਮ ਦੀਪਾ ਖੁਰਾਨਾ ਦੀ ਰਹਿਨੁਮਾਈ ਹੇਠ ਪੇਸ਼ ਕੀਤੀ। ਸਭਾ ਦੀ ਸ਼ੁਰੂਆਤ ਸਵੇਰ ਦੀ ਅਰਦਾਸ ਨਾਲ ਹੋਈ। ਲਵਲੀਨ ਕੌਰ ਅਤੇ ਜਸਨ ਕੌਲ ਵੱਲੋਂ ਬੜੇ ਸ਼ਾਨਦਾਰ ਢੰਗ ਨਾਲ ਮੰਚ ਦਾ ਸੰਚਾਲਨ ਕੀਤਾ ਗਿਆ। ਨਵਨੂਰਦੀਪ ਵੱਲੋਂ ਇਸ ਸਭਾ 'ਚ ਅੱਜ ਦਾ ਵਿਚਾਰ ਪੇਸ਼ ਕੀਤਾ ਗਿਆ। ਹਰਨੇਕ ਸਿੰਘ ਨੇ ਨਵਾਂ ਸ਼ਬਦ ਪੇਸ਼ ਕਰਕੇ ਸਾਰੇ ਵਿਦਿਆਰਥੀਆਂ ਦੇ ਗਿਆਨ 'ਚ ਵਾਧਾ ਕੀਤਾ। ਅਮਨ ਕੌਰ, ਅਨੁਸਕਾ ਅਤੇ ਰੋਹਨ ਵੱਲੋਂ ਦੇਸ ਵਿਦੇਸ ਦੀਆਂ ਤਾਜਾ ਸੁਰਖੀਆਂ ਪੇਸ਼ ਕੀਤੀਆਂ ਗਈਆਂ। ਵੰਸ਼ਿਕਾ ਰੱਤੂ ਨੇ ਇਸ ਵਿਸ਼ੇ 'ਤੇ ਆਪਣਾ ਭਾਸ਼ਣ ਦਿੱਤਾ। ਮਿਸਾ ਅਤੇ ਪ੍ਰਭਜੋਤ ਵੱਲੋਂ ਵਿਦਿਆਰਥੀਆਂ ਨੂੰ ਸਵਾਲ ਜਵਾਬ -ਜਵਾਬ ਕੀਤੇ। ਵਿਦਿਆਰਥਣ ਨਵਦੀਪ ਕੌਰ ਨੇ ਸਫਲਤਾ ਨੂੰ ਚਰਿੱਤਰ ਨਾਲ ਜੋੜਦਿਆਂ ਖੂਬਸੂਰਤ ਅੰਦਾਜ਼ 'ਚ ਆਪਣੀ ਕਵਿਤਾ ਪੇਸ਼ ਕੀਤੀ। ਇਸ ਸਭਾ 'ਚ ਐੱਨ. ਸੀ. ਸੀ.ਕੈਡਿਟ ਵਿਦਿਆਰਥੀਆਂ -ਜਾਨਵੀ, ਗੁਰਨੀਤ, ਹਰਦੀਪ, ਜਤਿੰਦਰ, ਜਸਮੀਤ, ਅਜੈਵੀਰ, ਰਾਹੁਲ, ਪਰਾਗੁਣ, ਅਭੈ ਰਾਜਾ ਨੂੰ ਸਕੂਲ ਪ੍ਰਿੰਸੀਪਲ ਵੱਲੋਂ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਭਾ ਦੇ ਅੰਤ ਵਿੱਚ ਸਕੂਲ ਪ੍ਰਿੰਸੀਪਲ ਸ੍ਰੀਮਤੀ ਪ੍ਰਭਜੋਤ ਗਿੱਲ ਨੇ ਵਿਦਿਆਰਥੀਆਂ ਤੇ ਅਧਿਆਪਕ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਸੁਖਦੀਪ ਸਿੰਘ ਪ੍ਰਧਾਨ ਤੇ ਰਣਜੀਤ ਸਿੰਘ ਹੰਸ ਜਨਰਲ ਚੁਣੇ ਗਏ

ਮੋਹਾਲੀ (ਗੁਰਜੀਤ ਬਿੱਲਾ) ਪੈਨਸ਼ਨਰਜ ਭਲਾਈ ਸੰਸਥਾ ਮੁਹਾਲੀ ਦੀ ਜ਼ਿਲਾ ਪੱਧਰ ਤੇ ਮੀਟਿੰਗ ਪੈਨਸ਼ਨਰਜ ਵੈਲਫੇਅਰ ਭਲਾਈ ਸੰਸਥਾ ਖਰੜ ਦੇ ਸਹਿਯੋਗ ਨਾਲ ਕੀਤੀ ਗਈ ਜਿਸ ਵਿੱਚ ਸਰਬ ਸੰਮਤੀ ਨਾਲ ਸੁਖਦੀਪ ਸਿੰਘ ਨੂੰ ਪ੍ਰਧਾਨ ਅਤੇ ਰਣਜੀਤ ਸਿੰਘ ਹੰਸਪਾਲ ਨੂੰ ਜਨਰਲ ਸਕੱਤਰ ਚੁਣਿਆ ਗਿਆ। ਆਗੂਆਂ ਨੇ ਕਿਹਾ ਕਿ ਮਹੀਨਾ ਜੁਲਾਈ 2022 ਅਤੇ ਜਨਵਰੀ 2023 ਤੋਂ ਡੀ.ਏ ਦੀਆਂ ਦੋ ਕਿਸ਼ਤਾਂ ਸਰਕਾਰ ਵੱਲੋਂ ਹੁਣ ਤੱਕ ਰਲੀਜ਼ ਨਹੀਂ ਕੀਤੀਆਂ ਗਈਆਂ ਹਨ , ਜਦੋਂ ਕਿ ਕੇਂਦਰ ਸਰਕਾਰ ਵੱਲੋਂ ਜੁਲਾਈ 2023 ਤੋਂ ਡੀ.ਏ ਦੀ ਇਕ ਹੋਰ ਕਿਸ਼ਤ ਵੀ ਛੇਤੀ ਹੀ ਦਿੱਤੀ ਜਾ ਰਹੀ ਹੈ। ਭਾਰਤ ਸਰਕਾਰ ਅਤੇ ਬਹੁੱਤ ਸਾਰੇ ਰਾਜਾਂ ਦੇ ਕਰਮਚਾਰੀ / ਪੈਨਸ਼ਨਰਜ਼ 42 % ਡੀ.ਏ ਪ੍ਰਾਪਤ ਕਰ ਰਹੇ ਹਨ ਜਦੋਂ ਕਿ ਪੰਜਾਬ ਦੇ ਕੇਵਲ 34% ਪ੍ਰਾਪਤ ਕਰ ਰਹੇ ਹਨ । ਪੈਨਸ਼ਨਰਜ਼ ਵੱਲੋਂ ਪੈ-ਕਮੀਸ਼ਨ ਦੇ ਬਕਾਏ ਦੀ ਅਦਾਇਗੀ ਲਈ ਮਿਤੀ 1.1.2006 ਤੋਂ ਮਿਤੀ 30.6.2021 ਤੱਕ ਕਰਨ ਬਾਰੇ ਕੋਰਟ ਕੇਸ ਵੀ ਦਾਇਰ ਕੀਤੇ ਗਏ ਹਨ ਪਰੰਤੂ ਅਦਾਲਤਾਂ ਦੇ ਫੈਸਲਿਆ ਨੂੰ ਵੀ ਸਰਕਾਰ ਲਾਗੂ ਨਹੀਂ ਕਰ ਰਹੀ ਹੈ ਅਤੇ ਸਮੇਂ ਸਿਰ ਜੁਆਬ ਦਾਵੇ ਵੀ ਦਾਇਰ ਨਹੀਂ ਕੀਤੇ ਜਾ ਰਹੇ ਹਨ। ਪਹਿਲਾ ਪੰਜਾਬ ਸਰਕਾਰ ਨੇ ਪੈ-ਕਮੀਸ਼ਨ ਦੀ ਰਿਪੋਰਟ ਲਾਗੂ ਕਰਨ ਲਈ ਫੈਸਲਾ ਦੇਰੀ ਨਾਲ ਕੀਤਾ ਅਤੇ ਹੁਣ 2 ਸਾਲ ਦਾ ਸਮਾਂ ਲੰਘ ਚੁੱਕਾ ਹੈ ਪਰੰਤੂ ਪੰਜਾਬ ਸਰਕਾਰ ਵੱਲੋਂ ਬਕਾਇਆ ਦੇਣ ਲਈ ਕੋਈ ਫੈਸਲਾ ਨਹੀਂ ਕੀਤਾ ਗਿਆ ਹੈ। ਹਜ਼ਾਰਾ ਦੀ ਗਿਣਤੀ ਵਿੱਚ ਪੰਜਾਬ ਦੇ ਪੈਨਸ਼ਨਰਜ਼ ਡੀ.ਏ ਅਤੇ ਪੈ-ਕਮੀਸ਼ਨ ਦੇ ਬਕਾਏ ਦੀ ਉਡੀਕ ਵਿੱਚ ਇਸ ਦੁਨੀਆ ਤੋਂ ਚੱਲੇ ਗਏ ਹਨ। ਇਸ ਮੌਕੇ ਬਾਕੀ ਆਹੁਦੇਦਾਰਾਂ ਵਿੱਚ ਸਕੰਦਰ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਮੋਹਨ ਸਿੰਘ ਸੀਨੀਅਰ ਮੀਤ ਪ੍ਰਧਾਨ, ਚਰਨਜੀਤ ਕੌਰ ਹੈਲਥ ਵਿਭਾਗ ਮੀਤ ਪ੍ਰਧਾਨ, ਚਰਨਜੀਤ ਕੌਰ ਵਾਟਰ ਸਪਲਾਈ ਮੀਤ ਪ੍ਰਧਾਨ,ਸਤਵੀਰ ਸਿੰਘ ਜੂਆਇੰਟ ਸੱਕਤਰ, ਬਲਦੇਵ ਰਾਜ ਸਰਮਾ ਜੂਆਇੰਟ ਸਕਤਰ, ਜਸਵਿੰਦਰ ਸਿੰਘ ਵਿੱਤ ਸਕੱਤਰ, ਸਵਰਨ ਲਤਾ ਸਹਾਇਕ ਵਿੱਤ ਸਕੱਤਰ, ਦਰਸ਼ਨ ਲਾਲ ਪ੍ਰੈਸ ਸਕੱਤਰ ਦੇ ਅਹੁਦੇਦਾਰ ਚੁਣੇ ਗਏ। ਇਸ ਮੌਕੇ ਐਸ ਕੇ ਦਾਬੜਾ,ਹਰਬੰਸ ਲਾਲ, ਬਲਵਿੰਦਰ ਕੌਰ, ਸੁਰਿੰਦਰ ਕੌਰ, ਅਤੇ ਪੈਨਸਨਰਜ ਵੈਲਫੇਅਰ ਭਲਾਈ ਸੰਸਥਾ ਖਰੜ ਦੇ ਅਹੁਦੇਦਾਰ ਰਾਮ ਕਿਸ਼ਨ ਧੁੰਨਕੀਆ ਪ੍ਰਧਾਨ,ਸਵਰਨ ਸਿੰਘ, ਗੁਣਵੰਤ ਸਿੰਘ, ਮਹਿੰਦਰ ਸਿੰਘ ਖੇਖਰ,ਜੁਗਿੰਦਰ ਸਿੰਘ ਮਾਨਖੇੜੀ ਅਤੇ ਹੋਰ ਸਮੂਹ ਮੈਂਬਰ ਵੀ ਹਾਜਰ ਸਨ।

ਸੰਤ ਬਾਬਾ ਚਰਨ ਦਾਸ ਦੇ ਬਰਸੀ ਸੰਬੰਧੀ ਸਮਾਗਮ ਅੱਜ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ) ਪਿੰਡ ਮਹਿਦੂਦ ਵਿਖੇ ਸਥਿਤ ਡੇਰਾ ਸੰਤਪੁਰੀ ਧੰਨ ਧੰਨ 108 ਸੰਤ ਬਾਬਾ ਰਾਂਝੂ ਦਾਸ ਮਹਾਰਾਜ ਵਿਖੇ ਪੂਜਿਆ ਯੋਗ ਮਹਾਪੁਰਸ਼ ਬ੍ਰਹਮ ਗਿਆਨੀ ਸ੍ਰੀਮਾਨ 108 ਸੰਤ ਬਾਬਾ ਚਰਨ ਦਾਸ ਮਹਾਰਾਜ ਦਾ 15ਵਾਂ ਬਰਸੀ ਸਮਾਗਮ 9 ਅਕਤੂਬਰ ਦਿਨ ਸੋਮਵਾਰ ਨੂੰ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਅਤੇ ਉਤਸ਼ਾਹ ਪੂਰਬ ਢੰਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡੇਰੇ ਦੇ ਮੁੱਖ ਸੰਚਾਲਕ ਸ੍ਰੀ ਮਾਨ 108 ਸੰਤ ਬਾਬਾ ਸਤਨਾਮ ਦਾਸ ਨੇ ਦੱਸਿਆ ਕਿ 9 ਅਕਤੂਬਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਦੇ ਪਾਠ ਦਾ ਭੋਗ ਠੀਕ ਸਮੇਂ 'ਤੇ ਪਾਇਆ ਜਾਵੇਗਾ ਉਸ ਤੋਂ ਬਾਅਦ ਸਮਾਗਮ ਵਿੱਚ ਪਹੁੰਚੇ ਸੰਤ ਮਹਾਂਪੁਰਸ ਸੰਗਤਾਂ ਨਾਲ ਧਾਰਮਿਕ ਪ੍ਰਵਚਨ ਕਰਨਗੇ। ਇਸ ਮੌਕੇ ਗਿਆਨੀ ਸੇਵਾ ਸਿੰਘ ਝੰਜੋਵਾਲ, ਪਿਆਰੇ ਲਾਲ ਪ੍ਰਧਾਨ, ਤਰਸੇਮ ਲਾਲ, ਸੁਰਿੰਦਰ ਛਿੰਦਾ, ਬਲਵੀਰ ਸਿੰਘ, ਗੁਰਦੇਵ ਸਿੰਘ, ਚਰਨਜੀਤ, ਦੀਪਕ, ਅੰਮ੍ਰਿਤ, ਨਰਿੰਦਰ ਬਡੇਸਰੋਂ, ਮਾਸਟਰ ਸਤਪਾਲ, ਸੰਦੀਪ, ਸੋਨੂ, ਬੀਬੀ ਪਰਮਜੀਤ ਕੌਰ, ਨੀਤੂ, ਕਮਲਜੀਤ ਕੌਰ, ਸੱਤਿਆ ਦੇਵੀ ਸਮੇਤ ਇਸ ਅਸਥਾਨ ਨਾਲ ਜੁੜੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ

ਕੈਰੇਬੀ ਦਾ ਡਾਂਸ ਲਾਈਵ ਪ੍ਰਫਾਰਮੈਂਸ 'ਚ ਸ਼ਾਨਦਾਰ ਪ੍ਰਦਰਸ਼ਨ

ਜਲੰਧਰ (ਸ਼ੈਲੀ ਐਲਬਰਟ)-ਇਨੋਸੈਂਟ ਹਾਰਟਸ ਸਕੂਲ ਗ੍ਰੀਨ ਮਾਡਲ ਟਾਊਨ ਦੀ 9ਵੀਂ ਜਮਾਤ ਦੀ ਵਿਦਿਆਰਥਣ ਕੈਰੇਬੀ ਨੇ ਕਲਾ ਉਤਸਵ ਵਿੱਚ ਹੋਏ ਜ਼ਿਲ੍ਹਾ ਪੱਧਰੀ ਕਥਕ ਲਾਈਵ ਪ੍ਰਫਾਰਮੈਂਸ ਡਾਂਸ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।ਕੰਨਿਆ ਮਹਾਵਿਦਿਆਲਿਆ ਕਾਲਜ ਵਿਖੇ ਕਲਾ ਉਤਸਵ ਪ੍ਰੋਗਰਾਮ ਕਰਵਾਇਆ ਗਿਆ । ਜਿੱਥੇ ਜ਼ਿਲ੍ਹਾ ਪੱਧਰੀ ਮੁਕਾਬਲੇ ਕਰਵਾਏ ਗਏ। ਜਿਸ ਵਿੱਚ 200 ਤੋਂ ਵੱਧ ਪ੍ਰਤੀਯੋਗੀਆਂ ਨੇ ਭਾਗ ਲਿਆ ।ਕੈਰੇਬੀ ਨੇ ਕਥਕ ਲਾਈਵ ਡਾਂਸ ਪ੍ਰਦਰਸ਼ਨ ਵਿੱਚ ਦੂਜਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ: ਅਤਿਮਾ ਸ਼ਰਮਾ ਅਤੇ ਹੋਰ ਪਤਵੰਤੇ ਸੱਜਣਾਂ ਨੇ ਕੈਰੇਬੀ ਨੂੰ ਇਨਾਮ ਭੇਂਟ ਕੀਤਾ।ਕੈਰੇਬੀ ਪਹਿਲਾਂ ਹੀ ਕਥਕ ਸਾਲਸਾ ਮਾਡਲਿੰਗ ਅਤੇ ਹੋਰ ਮੁਕਾਬਲਿਆਂ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪੁਰਸਕਾਰ ਪ੍ਰਾਪਤ ਕਰ ਚੁੱਕੀ ਹੈ। ਉਹ ਜਿਮਨਾਸਟਿਕ ਵਿੱਚ ਰਾਜ ਪੱਧਰ ਦੀ ਖਿਡਾਰਨ ਵੀ ਹੈ।ਇਸ ਤੋਂ ਇਲਾਵਾ ਉਸਨੇ ਕਈ ਸੀਰੀਅਲਾਂ ਅਤੇ ਪੰਜਾਬੀ ਫਿਲਮਾਂ ਵਿੱਚ ਵੀ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ ਹੈ।ਇੰਨੋਸੈਂਟ ਹਾਰਟਸ ਦੇ ਪ੍ਰਧਾਨ ਡਾ: ਅਨੂਪ ਬੌਰੀ ਨੇ ਕੈਰੇਬੀ ਅਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਅਜਿਹੇ ਵਿਦਿਆਰਥੀ ਤੇ ਮਾਣ ਹੈ । ਸਕੂਲ ਦੇ ਪ੍ਰਿੰਸੀਪਲ ਰਾਜੀਵ ਪਾਲੀਵਾਲ ਅਤੇ ਡਿਪਟੀ ਡਾਇਰੈਕਟਰ ਕਲਚਰਲ ਸ਼੍ਰੀਮਤੀ ਸ਼ਰਮੀਲਾ ਨਾਕਰਾ ਨੇ ਕੈਰੇਬੀ ਨੂੰ ਵਧਾਈ ਦਿੱਤੀ ਅਤੇ ਉਸਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਰਾਮਲੀਲ੍ਹਾ ਸ਼ੁਰੂ ਕਰਨ ਤੋਂ ਪਹਿਲਾਂ ਭਗਵਾਨ ਵਾਲਮੀਕਿ ਦੀ ਆਰਤੀ ਕੀਤੀ ਜਾਵੇ : ਗਗਨ ਭੱਟੀ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)-ਬੁਰਾਈ 'ਤੇ ਸੱਚਾਈ ਦੀ ਜਿੱਤ ਦਾ ਪ੍ਰਤੀਕ ਦੁਸਹਿਰਾ ਉਤਸਵ ਸੰਬੰਧੀ ਕੀਤੀਆਂ ਜਾ ਰਹੀਆਂ ਰਾਮ ਲੀਲਾਵਾਂ ਦੇ ਸ਼ੁਰੂ 'ਚ ਰਮਾਇਣ ਦੇ ਰਚਾਇਤਾ ਭਗਵਾਨ ਵਾਲਮੀਕਿ ਮਹਾਰਾਜ ਦੀ ਆਰਤੀ ਕਰਕੇ ਨਵੀਂ ਪੀੜੀ ਨੂੰ ਉਨ੍ਹਾਂ ਦੀ ਯਾਦ ਨੂੰ ਤਾਜਾ ਰੱਖਣ ਲਈ ਪ੍ਰੇਰਿਤ ਕਰਨ ਸੰਬੰਧੀ ਅਖਿਲ ਵਾਲਮੀਕਿ ਧਰਮ ਸਮਾਜ (ਅਵਧਸ) ਪੰਜਾਬ ਦੇ ਚੇਅਰਮੈਨ ਗਗਨ ਭੱਟੀ ਦੀ ਅਗਵਾਈ 'ਚ ਆਈਆਪੁਰ ਵਿਖੇ ਇਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ 'ਚ ਅਵਾਧਸ ਪੰਜਾਬ ਦੇ ਮੁੱਖ ਸਲਾਹਕਾਰ ਨਿਖਲੇਸ਼ ਜਸਰਾ ਨੈਨੂ ਤੋਂ ਇਲਾਵਾ ਨੀਰਜ ਭੱਟੀ ਆਈਆਪੁਰ, ਸੰਨੀ ਭੱਟੀ ਉੜਮੁੜ, ਸੋਨੂ ਉੜਮੁੜ, ਕਾਲਾ ਟਾਂਡਾ, ਦੀਪੂ ਭੱਟੀ, ਗਾਸੋ, ਮੰਨਾ ਮਹਿਰਾ, ਰਿੰਕੀ ਭੱਟੀ, ਵੱਖ ਵੱਖ ਧਾਰਮਿਕ ਸੰਸਥਾਵਾਂ ਦੇ ਆਗੂਆਂ ਅਤੇ ਇਲਾਕੇ ਦੇ ਬੁੱਧੀਜੀਵੀਆਂ ਨੇ ਹਿੱਸਾ ਲਿਆ।

ਮੀਟਿੰਗ 'ਚ ਸ਼ਾਮਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਚੇਅਰਮੈਨ ਗਗਨ ਭੱਟੀ ਨੇ ਕਿਹਾ ਕਿ ਰਮਾਇਣ ਦੇ ਰਚਾਇਤਾ ਭਗਵਾਨ ਸ੍ਰੀ ਵਾਲਮੀਕਿ ਮਹਾਰਾਜ ਸਨ ਅਤੇ ਉਨ੍ਹਾਂ ਵੱਲੋਂ ਲਿਖੀ ਗਈ ਰਮਾਇਣ ਅਨੁਸਾਰ ਭਾਰਤ 'ਚ ਹਰ ਸਾਲ ਦੁਸਹਿਰਾ ਉਤਸਵ ਮਨਾਉਣ ਤੋਂ ਪਹਿਲਾਂ ਹਰ ਸ਼ਹਿਰ 'ਚ ਰਾਮਲੀਲਾਵਾਂ ਦਾ ਆਯੋਜਨ ਕੀਤਾ ਜਾਂਦਾ ਹੈ ਜਿਸ 'ਚ ਭਗਵਾਨ ਸ੍ਰੀ ਰਾਮ ਦੀ ਜੀਵਨੀ ਤੇ ਰੋਸ਼ਨੀ ਪਾਉਂਦੇ ਹੋਏ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਪ੍ਰਾਪਤੀਆਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਜਾਂਦਾ ਹੈ, ਪਰ ਰਾਮਲੀਲਾ ਦੌਰਾਨ ਰਮਾਇਣ ਦੇ ਰਚਾਇਤਾ ਭਗਵਾਨ ਵਾਲਮੀਕਿ ਜੀ ਮਹਾਰਾਜ ਦਾ ਜਿਕਰ ਕਰਦੇ ਹੋਏ ਉਨ੍ਹਾਂ ਦੀ ਆਰਤੀ ਜ਼ਰੂਰ ਕਰਨੀ ਚਾਹੀਦੀ ਹੈ। ਕਲੱਬ ਪ੍ਰਧਾਨ ਵਿਨੋਦ ਕੁਮਾਰ ਨੇ ਚੇਅਰਮੈਨ ਗਗਨ ਭੱਟੀ ਅਤੇ ਮੁੱਖ ਸਲਾਹਕਾਰ ਨਿਖਲੇਸ਼ ਜਸਰਾ ਨੈਨੋ ਨੂੰ ਭਰੋਸਾ ਦਿੱਤਾ ਕਿ ਸਾਡੀ ਕਲੱਬ ਰਾਮਲੀਲਾ ਸ਼ੁਰੂ ਕਰਨ ਤੋਂ ਪਹਿਲਾਂ ਭਗਵਾਨ ਸ੍ਰੀ ਵਾਲਮੀਕਿ ਮਹਾਰਾਜ ਦੀ ਆਰਤੀ ਜ਼ਰੂਰ ਕਰੇਗੀ। ਇਸ ਮੌਕੇ ਵਿਕਾਸ ਮਰਵਾਹਾ, ਹੀਰਾ ਪੁਰੀ, ਬਿੱਟੂ ਰਾਮਧਾਰੀ, ਸੋਡੀ ਬਸਲ, ਅਰੁਣ ਪੁਰੀ, ਬਾਬੂ ਅਹਿਆਪੁਰ, ਸੋਢੀ ਲਾਲ, ਰਣਜੀਤ ਸਿੰਘ, ਲਖਵਿੰਦਰ ਸਿੰਘ, ਰੋਹਿਤ ਕੁਮਾਰ, ਕਸਤੂਰੀ ਲਾਲ, ਪਰਮਜੀਤ ਸਿੰਘ ਅਤੇ ਹੋਰ ਹਾਜ਼ਰ ਸਨ।

ਸਾਈਂ ਹਰੀ ਰਾਮ ਦੀ ਸਾਲਾਨਾ ਯਾਦ 'ਚ ਧਾਰਮਿਕ ਸਮਾਗਮ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ) ਪਿੰਡ ਜੇਜੋ ਦੁਆਬਾ ਵਿਖੇ ਸਥਿਤ ਧੰਨ ਧੰਨ ਬਾਬਾ ਜੀਜੂ ਸ਼ਾਹ ਦੇ ਦਰਬਾਰ ਤੇ ਸਾਂਈ ਹਰੀ ਰਾਮ ਦੀ ਯਾਦ 'ਚ ਸਾਲਾਨਾ ਮੇਲਾ ਕਰਵਾਇਆ ਗਿਆ।

ਇਸ ਮੌਕੇ ਸਭ ਤੋਂ ਪਹਿਲਾਂ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ, ਜਿਸ 'ਚ ਬੀਬੀ ਨਸੀਬ ਕੌਰ, ਸਾਂਈ ਅਮਰੀਕ ਸ਼ਾਹ ਗੱਦੀ ਨਸ਼ੀਨ ਦਰਬਾਰ ਬਾਬਾ ਖਾਕੀ ਸ਼ਾਹ, ਬੀਬੀ ਸੁਮਿੱਤਰ ਕੌਰ, ਸਾਈ ਨਿੱਕੇ ਸ਼ਾਹ ਦੇਨੋਵਾਲ, ਸੰਦੀਪ ਕੌਰ, ਰਾਜਵਿੰਦਰ ਕੌਰ, ਅਮਨਦੀਪ ਕੌਰ, ਮਮਤਾ, ਗੁਲਸ਼ਨ, ਅਸ਼ਵਨੀ ਖੰਨਾ, ਬਾਮ

9-Oct-PAGE-9.qxd 10/8/2023 10:13 PM Page 1

ਸੰਗਰੂਰ ਸੰਕੇਤਕ ਧਰਨੇ ਲਈ ਲਾਮਬੰਦ ਹੋਏ ਕੰਪਿਊਟਰ ਅਧਿਆਪਕ

ਜਲੰਧਰ (ਰਾਜੇਸ਼ ਬਾਪਾ)-ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨ ਤਾਰਨ ਅਤੇ ਜ਼ਿਲ੍ਹੇ ਤੋਂ ਸੂਬਾ ਕਮੇਟੀ ਦੇ ਪ੍ਰੈਸ ਸਕੱਤਰ ਹਰਜਿੰਦਰ ਮਹਿਸਮਪੁਰ ਦੇ ਫੈਸਲੇ ਅਨੁਸਾਰ ਤਿੰਨ ਦਿਨਾ 13 ਅਕਤੂਬਰ ਤੋਂ 15 ਅਕਤੂਬਰ ਤੱਕ ਸੰਗਰੂਰ ਵਿਖੇ ਸੰਕੇਤਕ ਧਰਨੇ ਸਬੰਧੀ ਜ਼ਿਲ੍ਹਾ ਜਲੰਧਰ ਪ੍ਰਧਾਨ ਰਮਨ ਕੁਮਾਰ ਅਤੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ । ਮੀਟਿੰਗ ਦੌਰਾਨ ਜੱਥੇਬੰਦੀ ਦੇ ਆਗੂਆਂ ਵਲੋਂ ਕੰਪਿਊਟਰ ਅਧਿਆਪਕਾਂ ਪ੍ਰਤੀ ਅਪਣਾਈ ਜਾ ਰਹੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੀ ਪੱਖ-ਪਾਤ ਦੀ ਨੀਤੀ ਦੀ ਨਿਖੇਧੀ ਕੀਤੀ ਗਈ ਅਤੇ ਸੰਘਰਸ਼ ਵਿੱਚ ਮੰਗਾਂ ਦੀ ਪੂਰਤੀ ਤੱਕ ਵੱਧ-ਚੜ੍ਹ ਕੇ ਹਿੱਸਾ ਲੈਣ ਦਾ ਪ੍ਰਣ ਕੀਤਾ ਗਿਆ । ਜੱਥੇਬੰਦੀ ਦੇ ਆਗੂਆਂ ਨੇ ਪੰਜਾਬ ਸਰਕਾਰ ਤੇ ਦੋਸ਼ ਲਗਾਉਂਦਿਆਂ ਪ੍ਰੈਸ ਨੂੰ ਜਾਣਕਾਰੀ ਦਿੱਤੀ ਕਿ ਬੇਸ਼ੱਕ 2011 ਵਿੱਚ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਅਧੀਨ ਬਣੀ ਪਿਕਟਸ ਸੁਸਾਇਟੀ ਵਿੱਚ ਨਿਯੁਕਤੀ ਪੱਤਰਾਂ ਅਨੁਸਾਰ ਪੰਜਾਬ ਸਿਵਲ ਸਰਵਿਸ ਸੇਵਾਵਾਂ ਨਿਯਮਾਂ ਤਹਿਤ ਰੈਗੂਲਰ ਕਰ ਦਿੱਤਾ ਸੀ, ਪਰ ਪੰਜਾਬ ਸਿਵਲ ਸਰਵਿਸ ਸੇਵਾ ਨਿਯਮ ਪੂਰਨ ਰੂਪ ਵਿੱਚ ਕੰਪਿਊਟਰ ਅਧਿਆਪਕਾਂ 'ਤੇ ਲਾਗੂ ਨਹੀਂ ਕੀਤੇ ਗਏ , ਜਿਸ ਸਬੰਧੀ ਵਰਤਮਾਨ ਪੰਜਾਬ ਸਰਕਾਰ ਨਾਲ ਅਨੇਕਾਂ ਮੀਟਿੰਗਾਂ ਹੋ ਚੁੱਕੀਆਂ ਹਨ। ਪ੍ਰੰਤੂ ਕੰਪਿਊਟਰ ਅਧਿਆਪਕਾਂ ਦੇ ਮਸਲਿਆਂ ਦਾ ਕੋਈ ਹੱਲ ਨਹੀਂ ਕੀਤਾ ਜਾ ਰਿਹਾ ਹੈ। ਤਿੰਨ ਦਿਨਾ ਸੰਕੇਤਕ ਧਰਨੇ ਦੌਰਾਨ 90 ਦੇ ਕਰੀਬ ਮ੍ਰਿਤਕ ਕੰਪਿਊਟਰ ਅਧਿਆਪਕਾਂ ਦੇ ਪਰਵਾਰਾਂ ਨੂੰ ਇਨਸਾਫ ਦਿਵਾਉਣ ਲਈ ਸੰਗਰੂਰ ਦੇ ਬਜ਼ਾਰਾਂ ਵਿੱਚ ਕੰਪਿਊਟਰ ਅਧਿਆਪਕਾਂ ਨਾਲ ਕੀਤੇ ਵਾਅਦਿਆਂ ਸਬੰਧੀ ਪੈਫਲਿਟ ਵੰਡਣ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਿਹਾਇਸ਼ ਅੱਗੇ ਕੈਂਡਲ ਮਾਰਚ ਕਰਕੇ ਸਰਕਾਰ ਵਿਰੁੱਧ ਰੋਸ, ਜਾਹਰ ਕੀਤਾ ਜਾਵੇਗਾ ਅਤੇ ਪੰਜਾਬ ਸਰਕਾਰ ਦੇ ਕੰਪਿਊਟਰ ਅਧਿਆਪਕ ਵਿਰੋਧੀ ਚਿਹਰੇ ਨੂੰ ਆਮ ਲੋਕਾਂ ਸਾਹਮਣੇ ਉਜਾਗਰ ਕੀਤਾ ਜਾਵੇਗਾ। ਜੇਕਰ ਫਿਰ ਵੀ ਪੰਜਾਬ ਸਰਕਾਰ ਕੰਪਿਊਟਰ ਅਧਿਆਪਕਾਂ ਦੀਆਂ ਜਾਇਜ਼ ਅਤੇ ਹੱਕੀ ਮੰਗਾਂ ਨੂੰ ਪ੍ਰਵਾਨ ਨਹੀ ਕਰਦੀ ਤਾਂ 29 ਅਕਤੂਬਰ ਨੂੰ ਸੂਬਾ ਪੱਧਰੀ ਰੈਲੀ ਕਰਕੇ ਆਰ-ਪਾਰ ਦਾ ਸੰਘਰਸ਼ ਵਿੱਢਿਆ ਜਾਵੇਗਾ। ਮੀਟਿੰਗ ਦੌਰਾਨ ਸੁਸ਼ੀਲ ਕੁਮਾਰ , ਅਸ਼ੋਕ ਕੁਮਾਰ , ਦੀਪਕ ਸੱਲਣ, ਮਨਦੀਪ ਕੁਮਾਰ, ਸੁਖਵਿੰਦਰ ਮਾਹੀ , ਸੋਹਿਤ ਸੋਬਤੀ, ਮੋਹਨ ਲਾਲ, ਸੋਨੂੰ ਕੁਮਾਰ, ਹੀਰਾ ਲਾਲ, ਹਰਜੀਤ ਸਿੰਘ, ਦੀਪਕ ਚਾਂਦਲਾ, ਅਜੀਤਪਾਲ ਸਿੰਘ, ਮੈਡਲ ਰੀਤੂ ਬਾਲਾ, ਸੁਖਜੋਤ ਕੌਰ, ਨਵਕਿਰਨ ਕੌਰ ਅਤੇ ਹੋਰ ਹਾਜਰ ਸਨ।

ਡੇਂਗੂ ਜਾਗਰੂਕਤਾ ਸੰਬੰਧੀ ਲੈਕਚਰ ਕਰਵਾਇਆ

ਸੁਲਤਾਨਪੁਰ ਲੋਧੀ (ਹਨੀ)-ਐਸ.ਡੀ. ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਵਿਖੇ ਕਾਲਜ ਦੇ ਰੈਡ ਰਿੱਬਨ ਕਲੱਬ ਤੇ ਐਨ.ਐਸ.ਐਸ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਵੰਦਨਾ ਸੁਕਲਾ ਦੀ ਅਗਵਾਈ ਵਿਚ ਡੇਂਗੂ ਜਾਗਰੂਕਤਾ ਸਬੰਧੀ ਲੈਕਚਰ ਕਰਵਾਇਆ ਗਿਆ ।

ਇਸ ਮੌਕੇ ਡਾ. ਰਵਿੰਦਰ ਪਾਲ ਸੁੱਭ ਐੱਸ ਐੱਮ ਓ ਅਤੇ ਡਾ. ਪ੍ਰਤਿਭਾ ਏ ਐੱਮ ਓ ਆਪਣੀ ਟੀਮ ਸਮੇਤ ਵਿਸ਼ੇਸ਼ ਤੌਰ 'ਤੇ ਪਹੁੰਚੇ । ਡਾ. ਰਵਿੰਦਰਪਾਲ ਨੇ ਵਿਦਿਆਰਥਣਾਂ ਨੂੰ ਡੇਂਗੂ ਬੁਖਾਰ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਡੇਂਗੂ ਫੈਲਣ ਦੇ ਕਾਰਨ ਅਤੇ ਇਸਦੇ ਬਚਾਓ ਬਾਰੇ ਦੱਸਿਆ । ਉਨਾਂ ਦੱਸਿਆ ਕਿ ਹਰ ਸ਼ੁੱਕਰਵਾਰ ਸਿਹਤ ਵਿਭਾਗ ਵੱਲੋਂ ਡੇਂਗੂ 'ਤੇ ਵਾਰ ਕਰਦੇ ਹੋਏ, ਇਸ ਦਿਨ ਘਰਾਂ, ਆਪਣੇ ਆਲੇ ਦੁਆਲੇ ਜਿੱਥੇ ਵੀ ਪਾਣੀ ਖੜਾ ਹੋਵੇ, ਉਹ ਸਭ ਸਥਾਨ ਡਰਾਈ ਕਰਵਾਏ ਜਾਂਦੇ ਹਨ ।

ਇਸ ਤਰਾਂ ਅਸੀਂ ਡੇਂਗੂ 'ਤੇ ਵਾਰ ਕਰ ਸਕਦੇ ਹਾਂ ਅਤੇ ਆਪਣੇ ਪਰਵਾਰ ਨੂੰ ਇਸ ਬਿਮਾਰੀ ਤੋਂ ਬਚਾ ਸਕਦੇ ਹਾਂ। ਵਿਦਿਆਰਥਣਾਂ ਵੱਲੋਂ ਵੀ ਇਸ ਲੈਕਚਰ ਦਾ ਭਰਪੂਰ ਲਾਭ ਲਿਆ ਗਿਆ ।

ਪ੍ਰਿੰਸੀਪਲ ਡਾ. ਸੁਕਲਾ ਨੇ ਸਿਹਤ ਵਿਭਾਗ ਤੋਂ ਪਹੁੰਚੀ ਟੀਮ ਨੂੰ ਆਪਣੀ ਸਵੈ ਰਚਿਤ ਕਿਤਾਬ 'ਯੋਗ ਤੇ ਜੀਵਨ' ਭੇਂਟ ਕੀਤੀ ਗਈ । ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥਣਾਂ ਹਾਜਰ ਸਨ ।

ਅਟਲ ਪੈਨਸ਼ਨ ਯੋਜਨਾ ਆਊਟਰੀਚ ਪ੍ਰੋਗਰਾਮ ਰਾਹੀਂ ਸਰਕਾਰੀ ਸਕੀਮਾਂ ਨਾਲ ਜੁੜਨ ਲਈ ਪ੍ਰੇਰਿਆ

ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ)- ਰਾਜ ਪੱਧਰੀ ਬੈਂਕਰ ਕਮੇਟੀ ਵੱਲੋਂ ਪੈਨਸ਼ਨ ਫੰਡ ਰੈਗੂਲੇਟਰੀ ਵਿਕਾਸ ਅਥਾਰਟੀ (ਪੀ ਐਫ ਆਰ ਡੀ ਏ) ਦੀ ਸਰਪ੍ਰਸਤੀ ਹੇਠ ਸ਼ਿਵਾਲਿਕ ਪਬਲਿਕ ਸਕੂਲ, ਫੇਜ਼ 6, ਮੁਹਾਲੀ ਦੇ ਆਡੀਟੋਰੀਅਮ ਵਿੱਚ ਲੋਕ ਜਾਗਰੂਕਤਾ ਹਿੱਤ ਅਟਲ ਪੈਨਸ਼ਨ ਯੋਜਨਾ ਆਊਟਰੀਚ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਅਟਲ ਪੈਨਸ਼ਨ ਯੋਜਨਾ (ਏ.ਪੀ.ਵਾਈ) ਦੇ ਲਾਭਾਂ ਬਾਰੇ ਜਾਗਰੂਕਤਾ ਵਧਾਉਣਾ ਅਤੇ ਇਸ ਨੂੰ ਭਾਰਤ ਸਰਕਾਰ ਦੀ ਸੰਤ੍ਰਿਪਤਾ ਮੁਹਿਮ ਵਿੱਚ ਸ਼ਾਮਲ ਕਰਨਾ ਸੀ।

ਸਮਾਗਮ ਵਿੱਚ ਗੀਤਿਕਾ ਸਿੰਘ, ਏ.ਡੀ.ਸੀ. (ਦਿਹਾਤੀ ਵਿਕਾਸ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਬੈਂਕਰਾਂ ਨੂੰ ਅਪੀਲ ਕੀਤੀ ਕਿ ਉਹ ਪੂਰੇ ਰਾਜ ਵਿੱਚ ਭਾਰਤ ਸਰਕਾਰ ਦੀ ਵਿੱਤੀ ਲਾਭ ਵਾਲੀਆਂ ਸਕੀਮਾਂ ਦੀ ਸਫਲਤਾ ਨੂੰ ਯਕੀਨੀ ਬਣਾਉਣ ਤਾਂ ਜੋ ਇਸ ਦਾ ਲਾਭ ਪੰਜਾਬ ਦੇ ਲੋਕਾਂ ਤੱਕ ਪਹੁੰਚ ਸਕੇ। ਉਸਨੇ ਏ ਪੀ ਵਾਈ ਸਕੀਮ ਵਿੱਚ ਚੰਗੀ ਕਾਰਗੁਜ਼ਾਰੀ ਵਾਲੇ ਬੈਂਕਾਂ ਜਿਵੇਂ ਕਿ ਯੂਨੀਅਨ ਬੈਂਕ ਆਫ਼ ਇੰਡੀਆ ਅਤੇ ਬੈਂਕ ਆਫ਼ ਇੰਡੀਆ ਨੂੰ ਵੀ ਸਨਮਾਨਿਤ ਕੀਤਾ। ਉਨ੍ਹਾਂ ਨੇ ਪੰਜਾਬ ਦੇ ਪਠਾਨਕੋਟ ਅਤੇ ਐਸ ਬੀ ਐਸ ਨਗਰ ਜ਼ਿਲ੍ਹੇ ਦੇ ਐਲ.ਡੀ.ਐਮਜ਼ ਨੂੰ ਵੀ ਸਨਮਾਨਿਤ ਕੀਤਾ। ਚੀਫ਼ ਜਨਰਲ ਮੈਨੇਜਰ, ਪੈਨਸ਼ਨ ਫੰਡ ਰੈਗੂਲੇਟਰੀ ਵਿਕਾਸ ਅਥਾਰਟੀ, ਪ੍ਰਵੇਸ਼ ਕੁਮਾਰ, ਭਾਰਤ ਸਰਕਾਰ ਦੀ ਨੁਮਾਇੰਦਗੀ ਕਰਦੇ ਹੋਏ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਰੀਟਾ ਜੁਨੇਜਾ, ਸਰਕਲ ਹੈੱਡ ਪੀ.ਐਨ.ਬੀ ਮੋਹਾਲੀ, ਅਖਿਲ ਮੰਗਲ, ਏ ਜੀ ਐਮ, ਐਸ ਐਲ ਬੀ ਸੀ ਪੰਜਾਬ, ਐਮ ਕੇ ਭਾਰਦਵਾਜ, ਚੀਫ ਐਲ.ਡੀ.ਐਮ ਮੋਹਾਲੀ, ਅਨੂਪ ਕਿਰਨ ਕੌਰ ਪ੍ਰਿੰਸੀਪਲ ਸ਼ਿਵਾਲਿਕ ਪਬਲਿਕ ਸਕੂਲ ਮੋਹਾਲੀ ਸਮੇਤ ਵੱਖ-ਵੱਖ ਬੈਂਕਾਂ ਦੇ ਮੁਖੀ, ਡੀ.ਸੀ.ਓਜ਼, ਵੱਖ-ਵੱਖ ਬੈਂਕਾਂ ਦੇ ਬ੍ਰਾਂਚ ਮੁਖੀਆਂ ਅਤੇ ਸੰਭਾਵੀ ਏ ਪੀ ਆਈ ਗਾਹਕਾਂ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ।

ਪੀ ਐਨ ਬੀ ਸਰਕਲ ਹੈੱਡ ਨੇ ਸੁਆਗਤੀ ਭਾਸ਼ਣ ਨਾਲ ਨਾਗਰਿਕਾਂ ਦੇ ਵਿੱਤੀ ਭਵਿੱਖ ਨੂੰ ਸੁਰੱਖਿਅਤ ਕਰਨ ਵਿੱਚ ਏ ਪੀ ਵਾਈ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਸਮਾਗਮ ਦੌਰਾਨ 350 ਤੋਂ ਵੱਧ ਉਤਸ਼ਾਹੀ ਭਾਗੀਦਾਰਾਂ ਨੇ ਏ ਪੀ ਵਾਈ ਬਾਰੇ ਜਾਗਰੂਕਤਾ ਵਧਾਉਣ ਦੇ ਉਦੇਸ਼ ਨਾਲ ਜਾਣਕਾਰੀ ਭਰਪੂਰ ਚਰਚਾ 'ਚ ਭਾਗ ਲਿਆ। ਹਾਜ਼ਰੀਨ ਨੂੰ ਇਸ ਸਰਕਾਰੀ ਸਹਾਇਤਾ ਪ੍ਰਾਪਤ ਪੈਨਸ਼ਨ ਸਕੀਮ ਦੇ ਲਾਭਾਂ ਅਤੇ ਪ੍ਰਬੰਧਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਮਿਲਿਆ।

ਜ਼ਿਲ੍ਹੇ ਦੀਆਂ ਮੰਡੀਆਂ 'ਚ ਝੋਨੇ ਦੀ ਆਮਦ ਹੋਈ ਤੇਜ਼ : ਡੀ ਸੀ

ਜਲੰਧਰ, (ਸ਼ੈਲੀ ਐਲਬਰਟ)-ਜਲੰਧਰ ਜਿਲ੍ਹੇ ਦੀਆਂ ਮੰਡੀਆਂ ਵਿਚ ਝੋਨੇ ਦੀ ਆਮਦ ਵਿਚ ਤੇਜੀ ਆਉਣ ਦੇ ਨਾਲ ਹੀ ਰੋਜ਼ਾਨਾ ਦੀ ਖਰੀਦ ਵੀ 10 ਹਜਾਰ ਮੀਟਰਕ ਟਨ ਨੂੰ ਪਾਰ ਕਰ ਗਈ ਹੈ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਅਗਲੇ ਕੁਝ ਦਿਨਾਂ ਵਿਚ ਝੋਨੇ ਦੀ ਆਮਦ ਵਿਚ ਪੂਰੀ ਤੇਜੀ ਆਵੇਗੀ ਜਿਸ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਨਾਲੋ-ਨਾਲ ਖਰੀਦ ਤੇ ਅਦਾਇਗੀ ਦੇ ਪੁਖਤਾ ਪ੍ਰਬੰਧ ਕੀਤੇ ਹੋਏ ਹਨ। ਜ਼ਿਲ੍ਹੇ ਵਿਚ ਖਰੀਦ ਦਾ 10.62 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਦਾ ਟੀਚਾ ਹੈ। ਬੀਤੀ 6 ਅਕਤੂਬਰ ਤੱਕ 29243 ਮੀਟਰਕ ਟਨ ਝੋਨੇ ਦੀ ਖਰੀਦ ਹੋਈ ਹੈ, ਜਿਸਦੇ ਬਦਲੇ ਕਿਸਾਨਾਂ ਨੂੰ ਅਦਾਇਗੀ ਲਈ ਮਿੱਥੇ ਘੱਟੋ-ਘੱਟ ਸਮੇਂ ਤੋਂ ਪਹਿਲਾਂ ਹੀ 42 ਕਰੋੜ ਰੁਪੈ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਐਸ.ਡੀ.ਐਮ. , ਖ਼ੀਦ ਏਜੰਸੀਆਂ ਦੇ ਉੱਚ ਅਧਿਕਾਰੀ , ਖੁਰਾਕ ਤੇ ਸਿਵਲ ਸਪਲਾਈ ਤੇ ਮੰਡੀ ਬੋਰਡ ਦੇ ਅਧਿਕਾਰੀ ਰੋਜ਼ਾਨਾ ਮੰਡੀਆਂ ਦਾ ਨਿੱਜੀ ਤੌਰ 'ਤੇ ਦੌਰਾ ਕਰਕੇ ਖਰੀਦ ਪ੍ਰਕ੍ਰਿਆ 'ਤੇ ਨਿਗਰਾਨੀ ਰੱਖ ਰਹੇ ਹਨ ਤਾਂ ਜੋ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਲਈ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਖਰੀਦ ਏਜੰਸੀਆਂ ਵਿਚੋਂ ਪਨਸਪ ਨੇ ਸਭ ਤੋਂ ਵੱਧ 10802 ਮੀਟਰਕ ਟਨ, ਪਨਗਰੇਨ ਨੇ 9552, ਮਾਰਕਫੈਡ ਨੇ 6194 , ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 2270 ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਹੈ।

ਪੀ ਟੀ ਐੱਮ ਆਰੀਆ ਕਾਲਜ 'ਚ ਕੁਇੱਜ ਮੁਕਾਬਲੇ ਕਰਵਾਏ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਸਥਾਨਕ ਪੀ ਟੀ ਐੱਮ ਆਰੀਆ ਕਾਲਜ ਨੂਰਮਹਿਲ 'ਚ ਪੰਜਾਬੀ ਸੱਭਿਆਚਾਰ 'ਤੇ ਕਵਿੱਜ ਮੁਕਾਬਲੇ ਕਰਵਾਏ। ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਇਸ 'ਚ ਭਾਗ ਲਿਆ। ਪ੍ਰੋ. ਬਬੀਤਾ ਰਾਣੀ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵਿਦਿਆਰਥੀਆਂ ਨੇ ਦਿੱਤੇ ਜਿਸ ਵਿੱਚ ਰੇਨੂਕਾ, ਪ੍ਰਦੀਪ, ਆਸ਼ਾ, ਹਰਪ੍ਰੀਤ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕਾਲਜ ਦੇ ਡਾਇਰੈਕਟਰ ਪ੍ਰੋ. ਆਰ.ਕੇ.ਜੈਨ ਨੇ ਕਿਹਾ ਕਿ ਕਵਿੱਜ ਵਰਗਾ ਪ੍ਰੋਗਰਾਮ ਵਿਸ਼ੇ ਨੂੰ ਦਿਲਚਸਪ ਬਣਾਉਣ ਲਈ ਕੀਤਾ ਜਾਂਦਾ ਹੈ। ਵਿਦਿਆਰਥੀਆਂ ਨੂੰ ਉਤਸਾਹਿਤ ਕਰਨ ਲਈ ਇਨਾਮ ਵੰਡੇ ਗਏ। ਇਸ ਮੌਕੇ ਪ੍ਰੋ: ਅਸ਼ਨੀ, ਪ੍ਰੋ: ਸਰਿਤਾ ਅਤੇ ਸਮੂਹ ਅਧਿਆਪਕ ਤੇ ਵਿਦਿਆਰਥੀ ਹਾਜ਼ਰ ਸਨ।

ਚੰਡੀਗੜ੍ਹ ਰੈਲੀ 'ਚ ਪੈਨਸ਼ਨਰ ਵੱਡੀ ਗਿਣਤੀ 'ਚ ਹੋਣਗੇ ਸ਼ਾਮਲ

ਫਗਵਾੜਾ (ਡਾ. ਰਮਨ)-ਪੰਜਾਬ ਸਰਕਾਰ ਵੱਲੋਂ ਮੀਟਿੰਗ ਦੇ ਕੇ,ਵਾਰ-ਵਾਰ ਮੀਟਿੰਗ ਦੀ ਮਿਤੀ ਅੱਗੇ ਪਾਉਣ ਅਤੇ ਮੁਲਾਜਮਾਂ/ਪੈਂਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ ਮੰਗਾਂ ਦਾ ਲਗਾਤਾਰ ਸੰਘਰਸ਼ ਹੋਣ ਦੇ ਬਾਵਜੂਦ ਕੋਈ ਯੋਗ ਨਿਪਟਾਰਾ ਨਾ ਕਰਨ ਤੋਂ ਦੁਖੀ ਅਤੇ ਰੋਹ ਵਿੱਚ ਆਏ ਮੁਲਾਜਮਾਂ/ਪੈਂਨਸ਼ਨਰਾਂ ਵਲੋਂ ਪੰਜਾਬ ਮੁਲਾਜਮ ਅਤੇ ਪੈਨਸ਼ਨਰਜ ਸਾਂਝਾ ਫਰੰਟ ਦੇ ਬੈਨਰ ਹੇਠ 14 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਕੀਤੀ ਜਾ ਰਹੀ ਹੋਰ ਭਰਪੂਰ ਸੂਬਾਈ ਰੈਲੀ ਵਿੱਚ ਪੰਜਾਬ ਪੈਂਨਸ਼ਨਰਜ ਵੈੱਲਫੇਅਰ ਐਸੋਸੀਏਸ਼ਨ ਫਗਵਾੜਾ ਦੇ ਵਰਕਰ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ। ਐਸੋਸੀਏਸ਼ਨ ਫਗਵਾੜਾ ਦੇ ਪ੍ਰਧਾਨ ਮੋਹਣ ਸਿੰਘ ਭੱਟੀ ਅਤੇ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ,ਵਿੱਤ ਸਕੱਤਰ ਹਰਿੰਦਰ ਸਿੰਘ ਨੇ ਦੱਸਿਆ ਕਿ 14 ਅਕਤੂਬਰ ਦੀ ਚੰਡੀਗੜ੍ਹ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਕਰਨ ਲਈ ਫੈਸਲਾ ਨੌਂ ਸਤੰਬਰ ਦੀ ਮੀਟਿੰਗ ਵਿੱਚ ਹੀ ਕਰ ਲਿਆ ਸੀ। ਉਸ ਫੈਸਲੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਚੰਡੀਗੜ੍ਹ ਸੂਬਾਈ ਰੈਲੀ ਵਿੱਚ ਸ਼ਮੂਲੀਅਤ ਕਰਨ ਲਈ ਪੂਰੀ ਪੂਰੀ ਤਿਆਰੀ ਕੀਤੀ ਜਾ ਰਹੀ ਹੈ। ਰੈਲੀ ਵਿੱਚ ਸ਼ਮੂਲੀਅਤ ਕਰਨ ਲਈ ਵਹੀਕਲ ਬੱਸ ਸਟੈਂਡ ਫਗਵਾੜਾ ਤੋਂ ਸਵੇਰੇ ਠੀਕ 9:00 ਵਜੇ ਚੱਲੇਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਮੋਹਣ ਸਿੰਘ ਭੱਟੀ, ਕੁਲਦੀਪ ਸਿੰਘ ਕੌੜਾ, ਹਰਿੰਦਰ ਸਿੰਘ, ਕਰਨੈਲ ਸਿੰਘ ਸੰਧੂ, ਸੀਤਲ ਰਾਮ ਬੰਗਾ,ਮਨਿੰਦਰ ਕੁਮਾਰ ਸਰਮਾ, ਪ੍ਰਮੋਦ ਕੁਮਾਰ ਜੋਸੀ, ਬਲਵੀਰ ਚੰਦ,ਰਤਨ ਸਿੰਘ, ਸਤਪਾਲ ਸਿੰਘ,ਹਰੀ ਰਾਮ, ਗੁਰਦੀਪ ਜੱਸੀ, ਬਲਵੀਰ ਸਿੰਘ ਆਦਿ ਸਾਥੀ ਸਾਮਲ ਹੋਏ।

ਆਂਗਣਵਾੜੀ ਸੈਂਟਰ ਦੀ ਪੁਰਾਣੀ ਤੇ ਖਰਾਬ ਛੱਤ ਕਾਰਨ ਵਾਪਰ ਸਕਦੈ ਵੱਡਾ ਹਾਦਸਾ : ਸੁਸ਼ਮਾ ਰਾਣੀ

ਅੱਡਾ ਸਰਾਂ (ਜਸਵੀਰ ਕਾਜਲ)-ਪਿੰਡ ਕੰਧਾਲਾ ਜੱਟਾਂ ਵਿੱਚ ਤਿੰਨ ਆਂਗਣਵਾੜੀ ਸੈਂਟਰ ਹਨ। ਜਿਨਾਂ ਵਿੱਚੋਂ ਦੋ ਨੰਬਰ ਸੈਂਟਰ ਜੋ ਕਲੋਨੀਆਂ ਵਿੱਚ ਸਥਿਤ ਹੈ ਜਿਸ ਦੇ ਕਮਰਿਆਂ ਦੀਆਂ ਛੱਤਾਂ ਕਾਫੀ ਖਰਾਬ ਹੋ ਚੁੱਕੀਆਂ ਹਨ ਮੀਂਹ ਆਉਣ ਤੇ ਛੱਤਾਂ ਕਾਫੀ ਚੋਂਦੀਆਂ ਹਨ ਅਤੇ ਲੈਂਟਰ ਜਿਸ ਸਗੀਏ ਵੀ ਦਿਖਾਈ ਦੇ ਰਹੇ ਹਨ। ਇਹਨਾਂ ਦੀ ਜਾਣਕਾਰੀ ਆਂਗਣਵਾੜੀ ਸੈਂਟਰ ਦੀ ਇੰਚਾਰਜ ਸੁਸ਼ਮਾ ਰਾਣੀ ਨੇ ਦਿੱਤੀ। ਉਹਨਾਂ ਕਿਹਾ ਕਿ ਛੱਤ ਡਿੱਗਣ ਦਾ ਖਤਰਾ ਹੈ ਜਿਸ ਕਾਰਨ ਬੱਚਿਆਂ ਨੂੰ ਅੰਦਰ ਨਹੀਂ ਬਿਠਾਇਆ ਜਾ ਸਕਦਾ। ਅਸੀਂ ਪਿੰਡ ਦੇ ਸਰਪੰਚ, ਹਲਕਾ ਵਿਧਾਇਕ ਟਾਂਡਾ ਅਤੇ ਹੋਰ ਮਹਿਕਮੇ ਦੇ ਕਰਮਚਾਰੀਆਂ ਨੂੰ ਇਸ ਦੀ ਜਾਣਕਾਰੀ ਦੇ ਚੁੱਕੇ ਹਾਂ ਪਰ ਕੋਈ ਵੀ ਹੱਲ ਨਹੀਂ ਹੋ ਰਿਹਾ। ਪਿਛਲੇ ਦਿਨੀ ਜੋ ਲੁਧਿਆਣਾ ਵਿੱਚ ਇੱਕ ਸਕੂਲ ਦੀ ਇਮ

9-OCT-PAGE-10.qxd 10/8/2023 9:55 PM Page 1

ਆੜ੍ਹਤੀਆਂ ਵੱਲੋਂ 11 ਨੂੰ ਅਣਮਿੱਥੇ ਸਮੇਂ ਦੀ ਹੜਤਾਲ 'ਤੇ ਜਾਣ ਦਾ ਫੈਸਲਾ

ਤਪਾ ਮੰਡੀ (ਅਰੁਣ ਗੋਇਲ)

ਅੰਦਰਲੀ ਅਨਾਜ ਮੰਡੀ 'ਚ ਆੜ੍ਹਤੀਆ ਐਸੋਸੀਏਸ਼ਨ ਤਪਾ ਦੀ ਮੀਟਿੰਗ ਪ੍ਰਧਾਨ ਸੁਰੇਸ਼ ਕੁਮਾਰ ਕਾਲਾ ਤਾਜੋਕੇ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਰਬਸੰਮਤੀ ਨਾਲ 11 ਅਕਤੂਬਰ ਤੋਂ ਅਣਮਿੱਥੇ ਸਮੇਂ ਦੀ ਹੜਤਾਲ ਕਰਨ ਦਾ ਫੈਸਲਾ ਲਿਆ ਗਿਆ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਸੁਰੇਸ਼ ਕੁਮਾਰ ਕਾਲਾ ਨੇ ਦੱਸਿਆ ਕਿ ਆੜ੍ਹਤੀਏ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪਿਸ ਰਿਹਾ ਹੈ। ਉਨ੍ਹਾ ਦੱਸਿਆ ਕਿ ਕੇਂਦਰ ਸਰਕਾਰ ਆੜ੍ਹਤੀਆਂ ਨੂੰ ਉੱਕਾ ਪੁੱਕਾ 45 ਰੁਪੈ ਪ੍ਰਤੀ ਕੁਇੰਟਲ ਆੜ੍ਹਤ ਦਿੱਤੀ ਜਾ ਰਹੀ ਹੈ, ਜਦਕਿ ਉਨ੍ਹਾਂ ਦੀ ਝੋਨੇ 'ਤੇ ਆੜ੍ਹਤ 55 ਰੁਪੈ ਕੁਇੰਟਲ ਬਣਦੀ ਹੈ। ਮੋਗਾ ਦੇ ਸੈਲੋ ਗੁਦਾਮਾਂ 'ਚ ਲੱਗੀ ਕਣਕ ਦੀ ਆੜ੍ਹਤ ਨਾ ਦੇਣਾ ਤੇ ਆੜ੍ਹਤੀਆਂ ਦਾ ਕੇਂਦਰ ਵੱਲ ਕਰੋੜਾਂ ਰੁਪੈ ਈ.ਪੀ.ਐੱਫ. ਬਕਾਇਆ ਨਾ ਦੇਣਾ ਆਦਿ ਮੰਗਾਂ ਲੈ ਕੇ 11 ਅਕਤੂਬਰ ਤੋਂ ਅਣਮਿੱਥੇ ਸਮੇਂ ਦੀ ਹੜਤਾਲ ਕਰਨ ਦਾ ਬਿਗੁਲ ਵਜਾਇਆ ਗਿਆ। ਜਦੋਂ ਤੱਕ ਕੇਂਦਰ ਦੀ ਸਰਕਾਰ ਉਨ੍ਹਾਂ ਦੀਆਂ ਉਕਤ ਮੰਗਾਂ ਵੱਲ ਧਿਆਨ ਨਹੀਂ ਦਿੰਦੀ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਕੇਂਦਰ ਦੀ ਹੋਵੇਗੀ। ਉਨ੍ਹਾਂ ਸੂਬੇ ਦੀ ਭਗਵੰਤ ਮਾਨ ਸਰਕਾਰ ਤੋਂ ਵੀ ਮੰਗ ਕੀਤੀ ਹੈ ਆੜ੍ਹਤੀਆਂ ਦੀਆਂ ਜਾਇਜ਼ ਮੰਗਾਂ ਕੇਂਦਰ ਸਰਕਾਰ ਤੋਂ ਹੱਲ ਕਰਵਾਏ।

ਇਸ ਮੌਕੇ ਸ਼ੰਟੀ ਮੌੜ, ਮੁਨੀਸ਼ ਮਿੱਤਲ, ਸੰਜੀਵ ਕੁਮਾਰ ਟਾਂਡਾ, ਅਸ਼ੋਕ ਕੁਮਾਰ ਮੌੜ, ਮਨੋਜ ਕੁਮਾਰ ਸਿੰਗਲਾ, ਮਦਨ ਲਾਲ ਘੁੜੈਲਾ, ਬੱਬੂ ਮਲੋਟ ਵਾਲਾ, ਸੱਤਪਾਲ ਮੌੜ, ਅਮਨ ਮੌੜ, ਰਾਜਿੰਦਰ ਕੁਮਾਰ ਭੂਟੋ, ਅਨਿਲ ਕੁਮਾਰ ਭੈਣੀ, ਅਸ਼ੋਕ ਮਿੱਤਲ, ਦਰਸ਼ਨ ਕੁਮਾਰ ਮੌੜ, ਰਾਕੇਸ਼ ਭੈਣੀ, ਰਾਮ ਲਾਲ ਮਿੱਤਲ, ਅੰਮ੍ਰਿਤ ਢਿੱਲਵਾਂ, ਪਵਨ ਕੁਮਾਰ ਢਿੱਲਵਾਂ, ਪਵਨ ਕੁਮਾਰ ਪੱਖੋ, ਰਾਣਾ ਪੱਖੋ, ਅਜੈ ਕੁਮਾਰ ਬਾਂਸਲ, ਦਰਸ਼ਨ ਮੌੜ, ਮੱਖਣ ਲਾਲ ਗਰਗ, ਰਾਜ ਕੁਮਾਰ ਪੁਹਲੀ ਆਦਿ ਨੇ ਕੇਂਦਰ ਸਰਕਾਰ ਖਿਲਾਫ ਰੋਸ ਪ੍ਰਗਟ ਕੀਤਾ।

ਮਾਤਾ ਗੁਜਰੀ ਕਾਲਜ 'ਚ ਫੋਟੋਗ੍ਰਾਫੀ ਤੇ ਵੀਡੀਓਗ੍ਰਾਫੀ ਵਰਕਸ਼ਾਪ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮਾਤਾ ਗੁਜਰੀ ਕਾਲਜ ਦੇ ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ ਵੱਲੋਂ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਮੁੱਖ ਮਹਿਮਾਨ ਵਜੋਂ ਉੱਘੇ ਫਿਲਮ ਨਿਰਦੇਸ਼ਕ ਸੰਜੀਤ ਨਰੂਲਾ ਨੇ ਸ਼ਿਰਕਤ ਕੀਤੀ ਜਿਨ੍ਹਾਂ ਨੇ ਕਈ ਪ੍ਰਸਿੱਧ ਪੰਜਾਬੀ ਫਿਲਮਾਂ ਅਤੇ ਗੀਤਾਂ ਦਾ ਨਿਰਦੇਸ਼ਨ ਕੀਤਾ ਹੈ। ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਵਰਕਸ਼ਾਪਾਂ ਵਿਦਿਆਰਥੀਆਂ ਦੀ ਵਿਹਾਰਕ ਪ੍ਰਤਿਭਾ ਨੂੰ ਨਿਖਾਰਨ ਵਿੱਚ ਬਹੁਤ ਸਹਾਇਕ ਸਿੱਧ ਹੁੰਦੀਆਂ ਹਨ ਅਤੇ ਵਿਸ਼ੇਸ਼ ਤੌਰ 'ਤੇ ਪੱਤਰਕਾਰੀ ਦੇ ਵਿਦਿਆਰਥੀਆਂ ਨੂੰ ਫ਼ੋਟੋਗ੍ਰਾਫ਼ੀ ਅਤੇ ਵੀਡੀਓਗ੍ਰਾਫੀ ਦੇ ਵੱਖ-ਵੱਖ ਮਹੱਤਵਪੂਰਨ ਤਕਨੀਕੀ ਪਹਿਲੂਆਂ ਬਾਰੇ ਪਤਾ ਚੱਲਦਾ ਹੈ। ਸੰਜੀਤ ਨਰੂਲਾ ਨੇ ਆਪਣੇ ਫਿਲਮ ਨਿਰਦੇਸ਼ਨ ਦੇ ਲੰਮੇ ਤਜਰਬੇ ਸਾਂਝੇ ਕਰਦਿਆਂ ਵਿਦਿਆਰਥੀਆਂ ਨੂੰ ਉਨ੍ਹਾਂ ਦੁਆਰਾ ਖਿੱਚੀਆਂ ਤਸਵੀਰਾਂ ਜ਼ਰੀਏ ਚੰਗੀ ਤਸਵੀਰ ਲੈਣ ਲਈ ਸ਼ਟਰ ਸਪੀਡ, ਅਪਰਚਰ, ਡੈਪਥ ਆੱਫ ਫੀਲਡ, ਰੋਲ ਆਫ ਤਰਫ, ਆਈ.ਐਸ.ਓ. ਅਤੇ ਕੰਪੋਜੀਸ਼ਨ ਆਦਿ ਸਬੰਧੀ ਅਹਿਮ ਜਾਣਕਾਰੀ ਪ੍ਰਦਾਨ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਿਨੇਮੈਟੋਗ੍ਰਾਫੀ, ਫਿਲਮ ਸਕ੍ਰਿਪਟ, ਐਡੀਟਿੰਗ ਅਤੇ ਨਿਰਦੇਸ਼ਨ ਸਬੰਧੀ ਦੱਸਿਆ। ਇਸ ਮੌਕੇ ਪੱਤਰਕਾਰੀ ਵਿਭਾਗ ਦੇ ਮੁਖੀ ਪ੍ਰੋ. ਹਰਗੁਣਪ੍ਰੀਤ ਸਿੰਘ, ਵਰਕਸ਼ਾਪ ਦੀ ਕੋਆਰਡੀਨੇਟਰ ਪ੍ਰੋ. ਮੀਨਾਕਸ਼ੀ ਨੇ ਵੀ ਵਿਚਾਰ ਸਾਂਝੇ ਕੀਤੇ। ਇਸ ਮੌਕੇ ਫਾਈਨ ਆਰਟਸ ਵਿਭਾਗ ਦੇ ਮੁਖੀ ਡਾ. ਅਵਨੀਤ ਕੌਰ, ਪ੍ਰੋ. ਕਿਰਨਦੀਪ ਕੌਰ, ਪ੍ਰੋ. ਦਿਲਰਾਜ ਸਿੰਘ, ਪ੍ਰੋ. ਭਗਵੰਤ ਸਿੰਘ, ਪ੍ਰੋ. ਕਰਮਵੰਤ ਸਿੰਘ, ਪ੍ਰੋ. ਬਲਵਿੰਦਰ ਸਿੰਘ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

ਸਰਕਾਰੀ ਹਸਪਤਾਲ 'ਚ ਅਸਾਮੀਆਂ ਨੂੰ ਪੂਰਾ ਕਰਵਾਉਣ ਲਈ ਪੱਕਾ ਮੋਰਚਾ ਸ਼ੁਰੂ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)- ਪਿਛਲੇ ਸਮੇਂ ਤੋਂ ਡਾਕਟਰਾਂ ਦੀ ਘਾਟ ਕਾਰਨ ਬੰਦ ਹੋਣ ਨਿਕਾਰੇ ਪਹੁੰਚੇ ਪੀ ਐੱਚ ਸੀ ਚੰਨਣਵਾਲ ਵਿਖੇ ਇਲਾਕੇ ਦੇ ਲੋਕਾਂ ਵੱਲੋਂ ਕਿਸਾਨ, ਮਜ਼ਦੂਰ ਜਥੇਬੰਦੀਆਂ ਦੇ ਸਹਿਯੋਗ ਨਾਲ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਆਗੂਆਂ ਨੇ ਸੂਬਾ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਐਲਾਨ ਕੀਤਾ ਕਿ ਮੰਗਾਂ ਮੰਨੇ ਜਾਣ ਤੱਕ ਇਹ ਧਰਨਾ ਅਣਮਿੱਥੇ ਸਮੇਂ ਲਈ ਜਾਰੀ ਰਹੇਗਾ। ਮੁੱਖ ਪ੍ਰਬੰਧਕ ਨੌਜਵਾਨ ਆਗੂ ਹਰਜੀਤ ਸਿੰਘ ਖਿਆਲੀ, ਭਾਕਿਯੂ ਰਾਜੇਵਾਲ ਦੇ ਨਿਰਭੈ ਸਿੰਘ ਗਿਆਨੀ, ਲੱਖੇਵਾਲ ਦੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ, ਮਨਵੀਰ ਕੌਰ ਰਾਹੀ, ਸ਼ਿੰਗਾਰਾ ਸਿੰਘ ਛੀਨੀਵਾਲ, ਡਕੌਂਦਾ ਦੇ ਅਮਰਜੀਤ ਸਿੰਘ ਠੁੱਲੀਵਾਲ, ਡਾ: ਅਮਰਜੀਤ ਸਿੰਘ ਮਹਿਲ ਕਲਾਂ, ਸਾਬਕਾ ਜਸਪਾਲ ਸਿੰਘ ਗਿੱਲ ਨੇ ਕਿਹਾ ਕਿ ਇਸ ਸਿਹਤ ਕੇਂਦਰ 'ਚ 4 ਮਾਹਰ ਡਾਕਟਰਾਂ, ਜਿਸ ਵਿੱਚ ਬੱਚਿਆਂ, ਔਰਤਾਂ, ਮੈਡੀਸਿਨ ਤੇ ਸਰਜਰੀ, ਦੰਦਾਂ ਦੇ ਡਾਕਟਰ ਦੀਆਂ ਅਸਾਮੀਆਂ ਤੋਂ ਇਲਾਵਾ 24 ਘੰਟੇ ਐਮਰਜੰਸੀ ਸੇਵਾਵਾਂ ਤੇ ਸਹਾਇਕ ਸਟਾਫ ਦੀਆਂ ਪੋਸਟਾਂ ਖ਼ਾਲੀ ਹਨ। ਇਸ ਗੰਭੀਰ ਮੁਸ਼ਕਲ ਦੇ ਹੱਲ ਲਈ ਵਾਰ ਵਾਰ ਸਿਆਸੀ ਆਗੂਆਂ, ਉੱਚ ਅਧਿਕਾਰੀਆਂ ਤੱਕ ਪਹੁੰਚ ਕੀਤੀ ਗਈ, ਪਰ ਪਰਨਾਲਾ ਉਥੇ ਦਾ ਉਥੇ ਹੀ ਹੈ। ਆਗੂਆਂ ਨੇ ਮੁੱਖ ਮੰਤਰੀ ਪੰਜਾਬ ਪਾਸੋਂ ਲੰਬੇ ਸਮੇਂ ਤੋਂ ਇਸ ਹਸਪਤਾਲ ਦੀਆਂ ਖਾਲੀ ਆਸਾਮੀਆਂ ਨੂੰ ਭਰਨ ਦੀ ਮੰਗ ਕੀਤੀ ਹੈ।

ਆਗੂਆਂ ਨੇ ਦੱਸਿਆ ਕਿ ਇਸ ਵੇਲੇ ਇਥੇ ਸਿਰਫ ਇੱਕ ਮੈਡੀਕਲ ਅਫਸਰ ਨਾਲ ਹੀ ਡੰਗ ਸਾਰਿਆ ਜਾ ਰਿਹਾ ਹੈ। ਇਸ ਮੌਕੇ ਅਮਰਜੀਤ ਸਿੰਘ ਆਸਟ੍ਰੇਲੀਆ, ਪ੍ਰਧਾਨ ਬਲਵੰਤ ਸਿੰਘ ਢਿੱਲੋਂ, ਭਾਕਿਯੂ ਕਾਦੀਆਂ ਦੇ ਗੁਰਦੀਪ ਸਿੰਘ ਮਾਨ, ਦਲਵੀਰ ਸਿੰਘ, ਜਗਤਾਰ ਸਿੰਘ ਛੀਨੀਵਾਲ, ਡਕੌਂਦਾ ਦੇ ਅੰਗਰੇਜ ਸਿੰਘ, ਗੁਰਮੇਲ ਸਿੰਘ ਕਲਾਲਾ, ਮਜ਼ਦੂਰ ਆਗੂ ਗੁਰਮੀਤ ਸਿੰਘ, ਰਾਜਾ ਸਿੰਘ ਛੀਨੀਵਾਲ, ਸਾਧੂ ਸਿੰਘ, ਪਾਲ ਸਿੰਘ ਛੀਨੀਵਾਲ, ਰਣਜੀਤ ਸਿੰਘ ਬੀਹਲਾ, ਨਾਇਬ ਸਿੰਘ ਟੱਲੇਵਾਲ, ਗੋਰਾ ਸਿੰਘ ਢਿੱਲਵਾਂ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਲੋਕ ਹਾਜ਼ਰ ਸਨ।

ਕਾਤਰਾਂ

ਕੌਂਸਲਰ ਨੇ ਅਧਿਕਾਰੀਆਂ 'ਤੇ ਲਾਏ ਡੀਜ਼ਲ ਦੀ ਦੁਰਵਰਤੋਂ ਦੇ ਦੋਸ਼

ਈ ਓ ਨੇ ਦੋਸ਼ਾਂ ਨੂੰ ਦੱਸਿਆ ਝੂਠਾ ਤੇ ਬੇਬੁਨਿਆਦ

ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)-ਨਗਰ ਕੌਂਸਲ ਦੀ ਮੌਜੂਦਾ ਕੌਂਸਲਰ ਨੀਲਮ ਰਾਣੀ ਵੱਲੋਂ ਗੁਰੂ ਹਰਸਹਾਏ ਪ੍ਰੈੱਸ ਕਲੱਬ ਵਿਖੇ ਪ੍ਰੈੱਸ ਕਾਨਫਰੰਸ ਕਰਕੇ ਨਗਰ ਕੌਂਸਲ 'ਤੇ ਕਈ ਤਰ੍ਹਾਂ ਦੇ ਇਲਜ਼ਾਮ ਲਾਏ ਹਨ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਕੌਂਸਲਰ ਨੀਲਮ ਰਾਣੀ ਨੇ ਦੱਸਿਆ ਕਿ ਨਗਰ ਕੌਂਸਲ ਵਿੱਚ ਆਈ ਸੀਵਰੇਜ ਸਾਫ ਕਰਨ ਵਾਲੀ ਮਸ਼ੀਨ ਤੇ ਹੋਰ ਵਾਹਨਾਂ ਵਿੱਚ ਪੈਂਦੇ ਡੀਜ਼ਲ ਦੀ ਨਗਰ ਕੌਂਸਲ ਦੇ ਅਧਿਕਾਰੀਆਂ ਵੱਲੋਂ ਦੁਰਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਉਹ ਮੌਜੂਦਾ ਕੌਂਸਲਰ ਹਨ, ਉਨ੍ਹਾ ਨੂੰ ਹੱਕ ਹੈ ਕਿ ਉਹ ਨਗਰ ਕੌਂਸਲ ਦੇ ਅਧਿਕਾਰੀਆਂ ਤੋਂ ਕਿਸੇ ਵੀ ਮਸਲੇ ਸਬੰਧੀ ਜਾਣਕਾਰੀ ਲੈ ਸਕਦੀ ਹੈ, ਪ੍ਰੰਤੂ ਉਸ ਨੂੰ ਕਿਸੇ ਤਰ੍ਹਾਂ ਦੀ ਇਥੋਂ ਦੇ ਅਧਿਕਾਰੀਆਂ ਵੱਲੋਂ ਜਾਣਕਾਰੀ ਨਹੀਂ ਦਿੱਤੀ ਜਾ ਰਹੀ। ਉਨ੍ਹਾ ਕਿਹਾ ਕਿ ਉਨ੍ਹਾ ਵੱਲੋਂ ਇਸ ਸਬੰਧੀ ਆਰ ਟੀ ਆਈ ਵੀ ਪਾਈ ਹੈ। ਇਸ ਮੌਕੇ ਜਦ ਇਸ ਸਾਰੇ ਮਸਲੇ ਸਬੰਧੀ ਈ ਓ ਗੁਰਦਾਸ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਡੀਜ਼ਲ ਦੀ ਕਿਸੇ ਵੀ ਤਰ੍ਹਾਂ ਦੀ ਕੋਈ ਦੁਰਵਰਤੋਂ ਨਹੀਂ ਕੀਤੀ ਜਾ ਰਹੀ ਤੇ ਨਾ ਹੀ ਉਨ੍ਹਾਂ ਨੂੰ ਇਸ ਸਬੰਧੀ ਕਿਸੀ ਨੇ ਲਿਖਤੀ ਸ਼ਿਕਾਇਤ ਦਿੱਤੀ ਹੈ, ਜਿਸ ਕਿਸੇ ਵੱਲੋਂ ਵੀ ਇਹ ਇਲਜ਼ਾਮ ਲਾਏ ਜਾ ਰਹੇ ਹਨ, ਉਹ ਝੂਠੇ ਤੇ ਬੇਬੁਨਿਆਦ ਹਨ।

ਕੈਂਸਰ ਤੇ ਮੁਫਤ ਮੈਡੀਕਲ ਚੈੱਕਅੱਪ ਕੈਂਪ ਲਾਇਆ

ਚੀਮਾ ਮੰਡੀ (ਰਵਿੰਦਰ ਚੀਮਾ)-ਹਲਕਾ ਸੁਨਾਮ ਦੇ ਕਾਂਗਰਸ ਪਾਰਟੀ ਦੇ ਇੰਚਾਰਜ ਜਸਵਿੰਦਰ ਸਿੰਘ ਧੀਮਾਨ ਦੀ ਅਗਵਾਈ ਵਿੱਚ ਦੁਰਗਾ ਸ਼ਕਤੀ ਮੰਦਰ ਵਿਖੇ ਕੈਂਸਰ ਤੇ ਮੁਫਤ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਮਰੀਜ਼ਾਂ ਨੇ ਇਸ ਮੈਡੀਕਲ ਕੈਂਪ ਦਾ ਲਾਹਾ ਲਿਆ। ਇਸ ਮੌਕੇ ਜਸਵਿੰਦਰ ਸਿੰਘ ਧਮਾਨ ਨੇ ਬੋਲਦਿਆਂ ਕਿਹਾ ਕਿ ਸਾਡਾ ਕਰਮ ਵੀ ਸੇਵਾ ਕਰਨਾ ਹੈ ਤੇ ਧਰਮ ਵੀ ਸੇਵਾ ਕਰਨਾ ਹੈ, ਸੋ ਇਸੇ ਲੜੀ ਤਹਿਤ ਸਾਡਾ ਪਰਿਵਾਰ ਜਿੱਥੇ ਵੀ ਕਿਸੇ ਲੋੜਵੰਦਾਂ ਨੂੰ ਜ਼ਰੂਰਤ ਹੁੰਦੀ ਹੈ, ਉੱਥੇ ਉਨ੍ਹਾਂ ਦੇ ਹਰ ਸੰਭਵ ਮਦਦ ਕਰਨ ਦੀ ਕੋਸ਼ਿਸ਼ ਕਰਦਾ ਹੈ, ਇਸੇ ਲੜੀ ਤਹਿਤ ਅੱਜ ਇਹ ਕੈਂਪ ਦੀ ਸ਼ੁਰੂਆਤ ਹੋਈ ਹੈ। ਇਸ ਤੋਂ ਬਾਅਦ ਹਲਕਾ ਸੁਨਾਮ ਵਿੱਚ ਹਰ ਮਹੀਨੇ ਬਾਅਦ ਮੈਡੀਕਲ ਕੈਂਪ ਲਗਾਇਆ ਜਾ ਜਾਵੇਗਾ ਤਾਂ ਕਿ ਮਰੀਜ਼ ਆਪਣਾ ਚੈੱਕਅਪ ਨੇੜੇ ਲੱਗੇ ਕੈਂਪ ਵਿੱਚ ਹੀ ਕਰਵਾ ਸਕਣ। ਇਸ ਕੈਂਪ ਵਿੱਚ ਹੋਮੀ ਭਾਬਾ ਕੈਂਸਰ ਹਸਪਤਾਲ ਦੇ ਮਾਹਰ ਡਾਕਟਰਾਂ ਵੱਲੋਂ ਕੈਂਸਰ ਦੇ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਡਾਕਟਰ ਰੋਹਿਤ ਗਰਗ ਵੱਲੋਂ ਮੋਟਾਪਾ ਤੇ ਜਨਰਲ ਸਰਜਰੀ ਦੇ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਇਸ ਤੋਂ ਇਲਾਵਾ ਡਾਕਟਰ ਜਸਪਾਲ ਗੋਇਲ ਵੱਲੋਂ ਦਿਲ ਤੇ ਸ਼ੂਗਰ ਦੇ ਮਰੀਜ਼ਾਂ ਦਾ ਚੈੱਕਅੱਪ ਕੀਤਾ ਗਿਆ। ਇਸ ਮੌਕੇ ਬਲਬੀਰ ਸਿੰਘ ਭੰਮ ਐੱਮ ਸੀ, ਨਿਰਭੈ ਸਿੰਘ ਐੱਮ ਸੀ, ਲਖਬੀਰ ਸਿੰਘ ਐੱਸ ਐੱਚ ਓ ਚੀਮਾ, ਜਸਵਿੰਦਰ ਸ਼ਰਮਾ ਪ੍ਰਧਾਨ ਲੋਕ ਸੇਵਾ ਸਹਾਰਾ ਕਲੱਬ, ਰਣਜੀਤ ਸਿੰਘ ਸੇਠੀ, ਡਾਕਟਰ ਭੀਮ ਸਿੰਘ ਭੂਕਲ, ਤਾਰਾ ਸਿੰਘ, ਕ੍ਰਿਸ਼ਨ ਕੁਮਾਰ ਆਦਿ ਪਤਵੰਤੇ ਹਾਜ਼ਰ ਸਨ।

ਨਾਟਕ ਰਾਹੀਂ ਨਸ਼ੇ ਸੰਬੰਧੀ ਕੀਤਾ ਜਾਗਰੂਕ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਵਿਖੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੁਆਰਾ ਚਲਾਈ (ਪੁਨਰ ਉਥਾਨ ਹੁਣ ਤਾਂ ਜਾਗੋ ਨਸ਼ੇ ਤਿਆਗੋ) ਮੁਹਿੰਮ ਤਹਿਤ ਕਾਲਜ ਦੀਆਂ ਵਿਦਿਆਰਥਣਾਂ ਦੁਆਰਾ ਸਿੱਖਿਆਦਾਇਕ ਨਾਟਕ ਦੁਆਰਾ ਨਸ਼ੇ ਨੂੰ ਪੰਜਾਬ ਵਿੱਚੋਂ ਕੱਢਣ ਸਬੰਧੀ ਜਾਗਰੂਕਤਾ ਫੈਲਾਈ ਗਈ।ਡਾ. ਸੰਗੀਤਾ ਪ੍ਰਿੰਸੀਪਲ ਨੇ ਨਸ਼ੇ ਦੀ ਰੋਕਥਾਮ ਸੰਬੰਧੀ ਜਾਗਰੂਕਤਾ ਲਈ ਕਾਲਜ ਵਿਦਿਆਰਥਣਾਂ ਦੁਆਰਾ ਬਾਕੀ ਵਿਦਿਆਰਥਣਾਂ ਅੱਗੇ ਪੇਸ਼ ਕਰਕੇ ਦਿੱਤੇ ਸੁਨੇਹੇ ਦੀ ਕਾਫੀ ਸ਼ਲਾਘਾ ਕੀਤੀ। ਉਨ੍ਹਾ ਇਸ ਪ੍ਰੋਗਰਾਮ ਦੇ ਸਫਲ ਆਯੋਜਨ 'ਤੇ ਕੋਆਰਡੀਨੇਟਰ ਡਾ. ਕੁਲਬੀਰ ਸਿੰਘ ਤੇ ਅਨੂ ਨੰਦਾ ਨੂੰ ਵਧਾਈ ਦਿੱਤੀ।ਕਾਲਜ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

ਸੰਸਾਰ ਦੇ ਉੱਤਮ ਵਿਗਿਆਨੀਆਂ 'ਚ ਸਲਾਈਟ ਦੇ 8 ਪੋਫੈਸਰ ਸ਼ਾਮਲ

ਡਾਇਰੈਕਟਰ ਨੇ ਵਧਾਈ ਦਿੰਦਿਆਂ ਮਾਣ ਵਾਲੀ ਗੱਲ ਦੱਸਿਆ

ਲੌਂਗੋਵਾਲ (ਕੁਲਦੀਪ ਅੱਤਰੀ, ਪ੍ਰਦੀਪ ਸਿੰਘ ਸੱਪਲ)-ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜਨੀਅਰਿੰਗ ਤੇ ਤਕਨਾਲੋਜੀ (ਡੀਮਡ ਯੂਨੀਵਰਸਿਟੀ) ਦੇ 8 ਪੋਫੈਸਰ ਯੂ ਐੱਸ ਏ ਦੀ ਕੲਲੀਫੋਰਨੀਆ ਸਥਿਤ ਸਟੈਨਫੋਰਡ ਯੂਨੀਵਰਸਿਟੀ ਵੱਲੋਂ ਜਾਰੀ ਕੀਤੀ ਸੰਸਾਰ ਦੇ ਉੱਤਮ 2 ਪਤੀਸ਼ਤ ਵਿਗਿਆਨੀਆਂ ਦੀ ਅਪਡੇਟ ਲਿਸਟ ਵਿੱਚ ਸ਼ੁਮਾਰ ਹੋਣ ਨਾਲ ਸੰਸਥਾ ਦਾ ਨਾਂਅ ਰੌਸ਼ਨ ਹੋਇਆ ਹੈ। ਸੰਸਥਾ ਦੇ ਸਾਬਕਾ ਡਾਇਰੈਕਟਰ ਡਾਕਟਰ ਸੈਲੇਂਦਰ ਜੈਨ ਸਣੇ ਡਾਕਟਰ ਪੀ ਐੱਸ ਪਨੇਸਰ, ਡਾਕਟਰ ਸੁਰਿੰਦਰ ਸਿੰਘ ਡੀਨ (ਖੋਜ), ਡਾਕਟਰ ਦਲੀਪ ਕੁਮਾਰ, ਡਾਕਟਰ ਧੀਰਜ ਸੂਦ, ਡਾਕਟਰ ਰਾਜੇਸ਼ ਕੁਮਾਰ ਡੀਨ (ਵਿਦਿਆਰਥੀ ਕਲਿਆਣ), ਡਾਕਟਰ ਐੱਚ ਆਰ ਘਟਕ, ਡਾਕਟਰ ਗੋਬਿੰਦ ਵਸ਼ਿਸ਼ਟਾ ਸਾਬਕਾ ਗੈਸਟ ਫੈਕਲਟੀ ਤੇ ਰਿਸਰਚ ਸਕਾਲਰ ਨੂੰ ਇਹ ਮਾਣ ਪਾਪਤ ਹੋਇਆ ਹੈ। ਚੇਤੇ ਰਹੇ ਕਿ ਇਸ ਸੰਸਾਰ ਪੱਧਰ ਦੀ ਵਕਾਰੀ ਰੈਂਕਿੰਗ ਵਿੱਚ ਆਈ ਆਈ ਟੀਜ਼, ਐੱਨ ਆਈ ਟੀਜ਼, ਆਈ ਆਈ ਐੱਮ ਵਰਗੀਆਂ ਉਚਤਮ ਵਿੱਦਿਅਕ ਤਕਨੀਕੀ ਸੰਸਥਾਵਾਂ ਵਿੱਚੋਂ ਖੋਜਾਰਥੀ, ਅਧਿਆਪਕ ਤੇ ਪੋਫੈਸਰ ਸ਼ੁਮਾਰ ਹੁੰਦੇ ਹਨ।

ਸੰਸਥਾ ਦੇ ਡਾਇਰੈਕਟਰ ਡਾਕਟਰ ਮਣੀ ਕਾਂਤ ਪਾਸਵਾਨ ਨੇ ਸਾਰੇ ਪੋਫੈਸਰਾਂ ਨੂੰ ਵਧਾਈ ਦਿੰਦਿਆਂ ਇਸ ਨੂੰ ਸਲਾਈਟ ਲਈ ਵੱਡੀ ਪਾਪਤੀ ਤੇ ਮਾਣ ਵਾਲੀ ਗੱਲ ਦੱਸਿਆ। ਉਨ੍ਹਾ

9-Oct-PAGE-11.qxd 10/8/2023 10:11 PM Page 1

ਦਿਹਾਤੀ ਮਜ਼ਦੂਰ ਸਭਾ ਵੱਲੋਂ ਵਿੱਢਿਆ ਸੰਘਰਸ਼ ਅੱਜ ਵੀ ਇਨਸਾਫ ਉਡੀਕਦੈ

ਪਠਾਨਕੋਟ (ਦਵਿੰਦਰ ਸਿੰਘ)-ਜਿਲ੍ਹਾ ਹੈਡਕੁਆਰਟਰ ਪਠਾਨਕੋਟ ਵਿਖੇ 4 ਸਤੰਬਰ ਤੋਂ ਅਣਮਿੱਥੇ ਸਮੇਂ ਲਈ ਲੱਗਾ ਦਿਨ ਰਾਤ ਦਾ ਧਰਨਾ ਇੱਕ ਮਹੀਨਾ ਪੰਜਵੇਂ ਦਿਨ ਵੀ ਜਾਰੀ। ਪੰਜਾਬ ਸਰਕਾਰ ਵਲੋਂ ਗਰੀਬ ਲੋਕਾਂ ਦੇ ਨਜਾਇਜ਼ ਕੱਟੇ ਰਾਸ਼ਨ ਕਾਰਡਾਂ ਦੀ ਬਹਾਲੀ, ਕਾਰਡਾਂ 'ਚੋਂ ਕੱਟੇ ਨਾਮ ਮੁੜ ਸ਼ਾਮਲ ਕਰਾਉਣ ਲਈ, ਰਹਿ ਗਏ ਗਰੀਬ ਪਰਿਵਾਰਾਂ ਦੇ ਨਵੇਂ ਕਾਰਡ ਬਣਾਉਣ, ਖਰਾਬ ਕਣਕ ਦੇਣੀ ਬੰਦ ਕਰੋ ਸਾਫ ਸੁਥਰੀ ਕਣਕ ਦਾ ਪ੍ਰਬੰਧ ਕਰੋ ਅਤੇ ਮਜ਼ਦੂਰਾਂ ਦੀ ਦਿਹਾੜੀ ਦਾ ਸਮਾਂ ਅੱਠ ਘੰਟੇ ਤੋਂ ਵਧਾ ਕੇ ਬਾਰਾਂ ਘੰਟੇ ਕਰਨ ਦੇ ਖਿਲਾਫ ਦਿਹਾਤੀ ਮਜ਼ਦੂਰ ਸਭਾ ਵਲੋਂ ਪਿੰਡ ਪਿੰਡ ਜਾ ਕੇ ਮੀਟਿੰਗਾਂ ਕਰਨ ਉਪਰੰਤ ਪੰਜਾਬ ਸਰਕਾਰ ਦੇ ਲੋਕ ਵਿਰੋਧੀ ਵਤੀਰੇ ਦਾ ਵਿਰੋਧ ਕਰਦਿਆਂ ਅੱਜ ਪਿੰਡ ਕੋਠੀ ਪੰਡਿਤਾਂ ਅਤੇ ਬਮਿਆਲ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ।

ਮੀਟਿੰਗ ਦੀ ਜਾਣਕਾਰੀ ਪ੍ਰੈੱਸ ਨਾਲ ਸਾਂਝੀ ਕਰਦਿਆਂ ਕਾਮਰੇਡ ਸ਼ਿਵ ਕੁਮਾਰ ਅਤੇ ਸਾਥੀ ਅਜੀਤ ਰਾਮ ਗੰਦਲਾਂ ਲਾਹੜੀ ਨੇ ਦੱਸਿਆ ਕਿ ਪਿੰਡ ਕੋਠੀ ਪੰਡਤਾਂ ਦੀ ਅਬਾਦੀ ਦਾ 95% ਤੋਂ ਵੱਧ ਹਿੱਸਾ ਦਿਹਾੜੀਦਾਰ ਹਨ। ਸਾਲ 2022 ਦੀਆਂ ਅਸੈਂਬਲੀ ਚੋਣਾਂ ਭੋਆ ਹਲਕੇ ਤੋਂ ਆਮ ਆਦਮੀ ਪਾਰਟੀ ਦੀ ਜਿੱਤ ਵਿਚ ਪਿੰਡ ਕੋਠੀ ਪੰਡਿਤਾਂ ਦਾ ਅਹਿਮ ਯੋਗਦਾਨ ਪਾਇਆ ਹੈ। ਗਰੀਬ ਲੋਕਾਂ ਦੇ ਨਜਾਇਜ਼ ਕੱਟੇ ਰਾਸ਼ਨ ਕਾਰਡਾਂ ਤੇ ਰਾਸ਼ਨ ਕਾਰਡਾਂ ਨਾਲ ਸਬੰਧਤ ਹੋਰ ਮਸਲੇ ਵੀ ਏਸੇ ਪਿੰਡ ਦੇ ਸੱਭ ਤੋਂ ਜ਼ਿਆਦਾ ਹਨ। ਪਿੰਡ ਦੇ ਗਰੀਬ ਪਰਿਵਾਰਾਂ ਕੋਲ ਛੋਟੇ ਛੋਟੇ ਘਰ ਹਨ ਸ਼ੌਚਾਲਯ ਦੀ ਵਿਵਸਥਾ ਤੋਂ ਵਾਂਝੇ ਹਨ। ਆਰਥਿਕ ਪੱਖੋਂ ਕਮਜ਼ੋਰ ਲੋਕ ਨੇੜੇ ਛੋਟੇ ਜਿਹੇ ਜੰਗਲ ਤੋਂ ਕੁਝ ਲੱਕੜਾਂ ਲਿਆ ਕੇ ਬਾਲਣ ਦੀ ਲੋੜ ਪੂਰੀ ਕਰ ਲੈਂਦੇ ਸਨ, ਜੰਗਲਾਤ ਮੰਤਰਾਲੇ ਨੇ ਤਾਰ ਦਾ ਜਾਲ ਲਾ ਕੇ ਲੋਕਾਂ ਨੂੰ ਬਾਲਣ ਅਤੇ ਜੰਗਲ-ਪਾਣੀ ਜਾਣ ਤੇ ਵੀ ਨਾਕਾਬੰਦੀ ਕਰ ਰੱਖੀ ਹੈ। ਆਗੂਆਂ ਨੇ ਅੱਗੇ ਕਿਹਾ ਕਿ ਮਹਿੰਗਾਈ, ਬੇਰੁਜ਼ਗਾਰੀ ਤੇ ਦਫਤਰ ਵਿੱਚ ਹੋ ਰਿਸ਼ਵਤਖੋਰੀ ਨੇ ਲੋਕਾਂ ਦਾ ਜੀਣਾ ਦੁੱਭਰ ਕਰ ਛੱਡਿਆ ਹੈ। ਮੁੱਖ ਮੰਤਰੀ ਸਮੇਤ ਪੰਜਾਬ ਸਰਕਾਰ ਦੇ ਸਾਰੇ ਮੰਤਰੀ ਫੋਕੀ ਸ਼ੋਹਰਤ ਅਤੇ ਇਸ਼ਤਿਹਾਰ ਜਾਰੀ ਕਰਨ ਵਿਚ ਮਸਤ ਹਨ। ਸਰਕਾਰ ਅਦਾਰਿਆਂ ਅੰਦਰ ਰਾਜਨੀਤਕ ਦਖਲਅੰਦਾਜ਼ੀ ਸਿਖਰਾਂ ਤੇ ਹੈ।

ਅੱਜ ਦੇ ਧਰਨੇ ਵਿੱਚ ਰਜਿੰਦਰ ਕੁਮਾਰ, ਅਸ਼ਵਨੀ ਕੁਮਾਰ, ਸੋਹਨ ਲਾਲ, ਰਾਜ ਕੁਮਾਰ ਨਰੋਟ ਮਹਿਰਾ, ਸਾਥੀ ਅਜੀਤ ਰਾਮ ਗੰਦਲਾਂ ਲਾਹੜੀ, ਕਾਮਰੇਡ ਸ਼ਿਵ ਕੁਮਾਰ, ਪ੍ਰਵੀਨ ਕੁਮਾਰ ਬਮਿਆਲ, ਬਲਕਾਰ ਚੰਦ ਭਰਿਆਲ ਲਾਹੜੀ, ਓਮ ਪ੍ਰਕਾਸ਼, ਨਰੇਸ਼ ਕੁਮਾਰ, ਸੋਮ ਨਾਥ, ਜੀਆ ਲਾਲ, ਸਰਦਾਰੀ ਲਾਲ, ਮਾਸ਼ੂ ਰਾਮ, ਧਰੀੜੋ ਰਾਮ ਅਤੇ ਹੋਰ ਸਾਥੀਆਂ ਦੀ ਅਗਵਾਈ ਹੇਠ ਮੀਟਿੰਗਾਂ ਕੀਤੀਆਂ ਤੇ ਪੰਜਾਬ ਸਰਕਾਰ ਦਾ ਪੁਤਲਾ ਵੀ ਫੂਕਿਆ।

ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ 7 ਲੱਖ ਰੁਪਏ ਜੁਰਮਾਨਾ ਪਾਇਆ : ਡਿਪਟੀ ਕਮਿਸ਼ਨਰ

ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)-ਜ਼ਿਲ੍ਹੇ ਵਿੱਚ ਪਰਾਲੀ ਨੂੰ ਅੱਗ ਲਾਉਣ ਦੇ ਰੁਝਾਨ ਨੂੰ ਬੰਦ ਕਰਨ ਲਈ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਦੀ ਅਗਵਾਈ 'ਚ ਵੱਖ-ਵੱਖ ਟੀਮਾਂ ਲਗਾਤਾਰ ਸਰਗਰਮ ਹਨ ਅਤੇ ਹੁਣ ਤੱਕ ਪਰਾਲੀ ਨੂੰ ਅੱਗ ਲਗਾਉਣ ਵਾਲੇ 279 ਕੇਸਾਂ ਵਿੱਚ ਕਿਸਾਨਾਂ ਨੂੰ 697500 ਰੁਪਏ ਜੁਰਮਾਨਾ ਕੀਤਾ ਜਾ ਚੁੱਕਾ ਹੈ ਅਤੇ ਟੀਮਾਂ ਨੂੰ ਲਗਾਤਾਰ ਅੱਗ ਲੱਗਣ ਵਾਲੇ ਖੇਤਾਂ ਤੱਕ ਪਹੁੰਚ ਕਰਨ ਦੀਆਂ ਹਦਾਇਤਾਂ ਡਿਪਟੀ ਕਮਿਸ਼ਨਰ ਵਲੋਂ ਦਿੱਤੀਆਂ ਜਾ ਚੁੱਕੀਆਂ ਹਨ। ਡੀਸੀ ਤਲਵਾੜ ਨੇ ਕਿਸਾਨਾਂ ਨੂੰ ਚੌਕਸ ਕਰਦਿਆਂ ਕਿਹਾ ਕਿ ਸਾਡੀ ਨਿਗਾਹ ਹਰ ਖੇਤ ਉੱਪਰ ਹੈ ਅਤੇ ਜੋ ਵੀ ਪਰਾਲੀ ਸਾੜੇਗਾ, ਉਸ ਖਿਲਾਫ ਕਾਨੂੰਨੀ ਕਾਰਵਾਈ ਹੋਵੇਗੀ। ਉਨ੍ਹਾਂ ਦੱਸਿਆ ਕਿ ਹਰੇਕ ਸਬ-ਡਵੀਜ਼ਨ ਵਿੱਚ ਐੱਸਡੀਐੱਮ ਅੱਗ ਲੱਗਣ ਵਾਲੇ ਖੇਤਾਂ ਤੱਕ ਪਹੁੰਚ ਕੇ ਕਾਰਵਾਈ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਇਕ ਏਕੜ ਝੋਨੇ ਦੀ ਫਸਲ ਤੋਂ ਤਕਰੀਬਨ ਢਾਈ ਤੋਂ ਤਿੰਨ ਟਨ ਪਰਾਲੀ ਪੈਦਾ ਹੁੰਦੀ ਹੈ ਅਤੇ ਇਕ ਟਨ ਪਰਾਲੀ ਸਾੜਨ ਨਾਲ ਅਸੀਂ 400 ਕਿਲੋ ਜੈਵਿਕ ਕਾਰਬਨ, 5.5 ਕਿਲੋ ਨਾਈਟ੍ਰੋਜਨ, 2.3 ਕਿਲੋ ਫਾਸਫੋਰਸ, 2.5 ਕਿਲੋ ਪੋਟਾਸ਼ ਅਤੇ 12 ਕਿਲੋ ਸਲਫਰ ਦਾ ਨੁਕਸਾਨ ਕਰ ਬੈਠਦੇ ਹਾਂ। ਇਸ ਲਈ ਕਿਸਾਨ ਝੋਨੇ ਦੀ ਪਰਾਲੀ ਨੂੰ ਸਾੜਨ ਦੀ ਥਾਂ ਜ਼ਮੀਨ ਵਿੱਚ ਮਿਲਾ ਕੇ ਕਣਕ ਦੀ ਬਿਜਾਈ ਕਰਨ। ਉਨ੍ਹਾਂ ਕਿਹਾ ਕਿ ਖੇਤੀ ਮਾਹਰਾਂ ਅਨੁਸਾਰ ਝੋਨੇ ਦੀ ਪਰਾਲੀ ਨੂੰ ਖੇਤਾਂ ਵਿੱਚ ਮਿਲਾਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ, ਖਾਦਾਂ ਘੱਟ ਪਾਉਣ ਦੀ ਲੋੜ ਪੈਂਦੀ ਹੈ ਅਤੇ ਮਿੱਤਰ ਕੀੜਿਆਂ ਦੀ ਗਿਣਤੀ ਵਧਣ ਕਾਰਨ ਫਸਲ 'ਤੇ ਕੀੜੇ-ਮਕੌੜੇ ਦਾ ਹਮਲਾ ਵੀ ਘੱਟ ਹੁੰਦਾ ਹੈ।

ਪਰਾਲੀ ਨੂੰ ਜ਼ਮੀਨ 'ਚ ਮਿਲਾ ਕੇ ਕਣਕ ਦੀ ਪੈਦਾਵਾਰ ਵਧਾਈ ਜਾਵੇ : ਐੱਸ ਡੀ ਐੱਮ

ਮਜੀਠਾ (ਸੋਇਮ ਆਨੰਦ)-ਤਹਿਸੀਲ ਮਜੀਠਾ ਵਿਖੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਵਾਲੇ ਬਹੁਤ ਸਾਰੇ ਕਿਸਾਨਾਂ ਨੂੰ ਭਾਰੀ ਜੁਰਮਾਨਾ ਕੀਤਾ ਜਾ ਚੁੱਕਾ ਹੈ ਅਤੇ ਟੀਮਾਂ ਲਗਾਤਾਰ ਅੱਗ ਲੱਗਣ ਵਾਲੇ ਖੇਤਾਂ ਤੱਕ ਪਹੁੰਚ ਰਹੀਆਂ ਹਨ। ਇਹ ਪ੍ਰਗਟਾਵਾ ਕਰਦਿਆਂ ਐੱਸਡੀਐੱਮ ਮਜੀਠਾ ਡਾ. ਹਰਨੂਰ ਕੌਰ ਢਿੱਲੋਂ ਨੇ ਦੱਸਿਆ ਕਿ ਹੁਣ ਤੱਕ ਸਾਡੀਆਂ ਟੀਮਾਂ ਨੂੰ ਸੂਚਨਾ ਮਿਲੀ ਸੀ, ਜਿਨ੍ਹਾਂ ਵਿਚੋਂ ਵੱਖ-ਵੱਖ ਅਧਿਕਾਰੀਆਂ ਵਲੋਂ ਬਲਾਕ ਮਜੀਠਾ ਦੇ ਪਿੰਡਾਂ ਦਾ ਦੌਰਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕਈਆਂ ਥਾਵਾਂ 'ਤੇ ਅੱਗ ਲੱਗਣ ਦੀ ਪੁਸ਼ਟੀ ਹੋਈ ਹੈ ਜਿਥੇ ਕਿਸਾਨਾਂ ਨੂੰ ਭਾਰੀ ਜੁਰਮਾਨਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਰਾਲੀ ਨੂੰ ਅੱਗ ਲਾਉਣ ਵਾਲੇ ਕੁਝ ਕਿਸਾਨਾਂ ਦਾ ਮਾਲ ਰਿਕਾਰਡ ਵਿੱਚ ਲਾਲ ਇੰਦਰਾਜ ਵੀ ਦਰਜ਼ ਕੀਤਾ ਗਿਆ ਹੈ । ਉਨਾਂ ਦੱਸਿਆ ਕਿ ਅੱਗ ਲੱਗਣ ਦੀਆਂ ਘਟਨਾਵਾਂ ਦੀ ਜਾਂਚ ਕਰਵਾਈ ਜਾ ਰਹੀ ਹੈ ਅਤੇ ਇਸ ਉਪਰੰਤ ਅਗਲੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵਾਰ-ਵਾਰ ਅਪੀਲਾਂ ਕਰਨ ਤੇ ਵੀ ਜਿਹੜੇ ਕਿਸਾਨ ਬਾਜ਼ ਨਾ ਆਏ ਉਨ੍ਹਾਂ ਉਪਰ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਹਰੇਕ ਸਬ ਡਵੀਜ਼ਨ ਵਿੱਚ ਅੱਗ ਲੱਗਣ ਵਾਲੇ ਖੇਤ ਤੱਕ ਪਹੁੰਚ ਕੇ ਕਾਰਵਾਈ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਖੇਤੀ ਮਾਹਰਾਂ ਅਨੁਸਾਰ ਝੋਨੇ ਦੀ ਪਰਾਲੀ ਨੂੰ ਖੇਤਾਂ ਵਿੱਚ ਮਿਲਾਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ, ਖਾਦਾਂ ਘੱਟ ਪਾਉਣ ਦੀ ਲੋੜ ਪੈਂਦੀ ਹੈ ਅਤੇ ਮਿੱਤਰ ਕੀੜਿਆਂ ਦੀ ਗਿਣਤੀ ਵਧਣ ਕਾਰਨ ਫਸਲ ਤੇ ਕੀੜੇ ਮਕੌੜੇ ਦਾ ਹਮਲਾ ਵੀ ਘੱਟ ਹੁੰਦਾ ਹੈ। ਇਸ ਮੌਕੇ ਤਹਿਸੀਲਦਾਰ ਤਰਨਜੀਤ ਖੁੱਲਰ, ਡਾ. ਅਮਨਪ੍ਰੀਤ ਸਿੰਘ, ਡਾ. ਅਮਰਦੀਪ ਸਿੰਘ ਗਿੱਲ ਮਜੀਠਾ, ਡਾ. ਸ਼ਰਨਜੀਤ ਸਿੰਘ, ਡਾ. ਕਮਲ ਕਾਹਲੋਂ, ਰੀਡਰ ਭਾਟੀਆ, ਦੀਪਕ ਮਸੀਹ, ਸਬ-ਇੰਸਪੈਕਟਰ ਬਲਵਿੰਦਰ ਸਿੰਘ, ਜਸ਼ਨਪ੍ਰੀਤ ਕੌਰ, ਤਿਲਕ ਰਾਜ, ਮੇਲਾ ਰਾਮ ਅਤੇ ਹੋਰ ਹਾਜ਼ਰ ਸਨ।

ਨਵਾਬ ਕਪੂਰ ਸਿੰਘ ਦਾ ਬਰਸੀ ਸਮਾਗਮ ਅੱਜ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਤੀਸਰੇ ਜਥੇਦਾਰ ਸਿੱਖ ਜਰਨੈਲ ਨਵਾਬ ਕਪੂਰ ਸਿੰਘ ਦੀ ਯਾਦ ਨੂੰ ਸਮਰਪਿਤ 270ਵੀਂ ਬਰਸੀ ਗੁਰਮਤਿ ਸਮਾਗਮ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਸਰਪ੍ਰਸਤੀ ਹੇਠ 9 ਅਕਤੂਬਰ ਨੂੰ ਗੁਰਦੁਆਰਾ ਮੱਲ ਅਖਾੜਾ ਪਾ: ਛੇਵੀਂ ਛਾਉਣੀ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਵਿਖੇ ਹੋਣਗੇ। ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸਵੇਰੇ 10:30 ਵਜੇ ਗੁਰਦੁਆਰਾ ਮੱਲ ਅਖਾੜਾ ਸਾਹਿਬ ਵਿਖੇ ਪਰਸੋਂ ਰੋਜ਼ ਤੋਂ ਆਰੰਭ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ। ਉਪਰੰਤ ਗੁਰਮਤਿ ਸਮਾਗਮ ਹੋਵੇਗਾ ਜਿਸ ਵਿੱਚ ਰਾਗੀ, ਢਾਡੀ ਜਥੇ ਉਚੇਚੇ ਤੌਰ 'ਤੇ ਹਾਜ਼ਰੀ ਭਰਨਗੇ ਅਤੇ ਗੁਰਬਾਣੀ ਕੀਰਤਨ, ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।

ਭਾਜਪਾ ਨੇ ਮੰਡਲ ਅਜਨਾਲਾ ਦੇ ਵੱਖ-ਵੱਖ ਵਰਗਾਂ ਦੇ ਅਹੁਦੇਦਾਰ ਐਲਾਨੇ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)—ਵਿਧਾਨ ਸਭਾ ਹਲਕਾ ਅਜਨਾਲਾ ਅੰਦਰ ਭਾਰਤੀ ਜਨਤਾ ਪਾਰਟੀ ਦੇ ਮੁੱਖ ਦਫਤਰ ਅਜਨਾਲਾ ਵਿੱਚ ਸਾਬਕਾ ਵਿਧਾਇਕ ਅਤੇ ਪਾਰਟੀ ਦੇ ਓਬੀਸੀ ਮੋਰਚੇ ਦੇ ਸੂਬਾ ਪ੍ਰਧਾਨ ਬੋਨੀ ਅਮਰਪਾਲ ਸਿੰਘ ਅਜਨਾਲਾ ਦੀ ਅਗਵਾਈ ਹੇਠ ਇਕੱਠੇ ਹੋਏ ਵਰਕਰਾਂ ਵਿਚਕਾਰ ਪਾਰਟੀ ਵੱਲੋਂ ਭਾਜਪਾ ਮੰਡਲ ਅਜਨਾਲਾ ਦੇ ਨਿਯੁਕਤ ਕੀਤੇ ਅਹੁਦੇਦਾਰਾਂ ਦਾ ਨਾਮ ਐਲਾਨਿਆ ਜਿਸ ਵਿੱਚ ਵੱਖ-ਵੱਖ ਵਰਗਾਂ ਨੂੰ ਨੁਮਾਇੰਦਗੀ ਦਿੱਤੀ ਗਈ ਹੈ ਜਿਸ ਵਿੱਚ ਮੰਡਲ ਪ੍ਰਧਾਨ ਬਿਕਰਮਜੀਤ ਸਿੰਘ, ਉੱਪ ਪ੍ਰਧਾਨ ਅਮਰਜੀਤ ਸਿੰਘ, ਸੰਦੀਪ ਕੁਮਾਰ, ਹਰਜਿੰਦਰ ਸਿੰਘ, ਸੰਜੀਵ ਮਹਾਜਨ, ਸੁਰਜੀਤ ਸਿੰਘ, ਇਕਬਾਲ ਸਿੰਘ, ਜਨਰਲ ਸਕੱਤਰ ਵਜੋਂ ਰਾਕੇਸ਼ ਬੇਦੀ, ਵਿਪਨ ਖੱਤਰੀ ਸਮੇਤ ਸਤੀਸ਼ ਕੁਮਾਰ ਖਹਾਨਚੀ ਅਤੇ ਯੁਵਾ ਮੋਰਚੇ ਦੇ ਦੀਦਾਰ ਸਿੰਘ, ਮਹਿਲਾ ਮੋਰਚੇ ਦੇ ਕੁਲਬੀਰ ਕੌਰ, ਐੱਸਸੀ ਮੋਰਚੇ ਡੇ ਕੰਵਲਜੀਤ ਸਿੰਘ, ਘੱਟ ਗਿਣਤੀ ਮੋਰਚੇ ਦੇ ਅਵਤਾਰ ਸਿੰਘ ਅਤੇ ਓਬੀਸੀ ਮੋਰਚੇ ਦੇ ਜਸਬੀਰ ਸਿੰਘ ਨੂੰ ਪ੍ਰਧਾਨ ਬਣਾਇਆ ਗਿਆ ਜਿਨ੍ਹਾਂ ਦਾ ਸੂਬਾ ਪ੍ਰਧਾਨ ਬੋਨੀ ਅਜਨਾਲਾ ਵੱਲੋਂ ਸਨਮਾਨ ਕੀਤਾ ਗਿਆ। ਉਪਰੰਤ ਗੱਲਬਾਤ ਕਰਦਿਆਂ ਬੋਨੀ ਅਜਨਾਲਾ ਨੇ ਕਿਹਾ ਕਿ ਭਾਜਪਾ ਹੀ ਇੱਕ ਅਜਿਹੀ ਪਾਰਟੀ ਹੈ ਜੋ ਪਰਿਵਾਰਵਾਦ ਤੋਂ ਉੱਪਰ ਉੱਠ ਕੇ ਹਰੇਕ ਮਿਹਨਤੀ ਵਰਕਰ ਦਾ ਸਨਮਾਨ ਕਰਨ ਦੀ ਸੋਚ ਸਦਕਾ ਹਰੇਕ ਵਰਗ ਦੇ ਲੋਕ ਭਾਜਪਾ ਨਾਲ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਰਹੱਦੀ ਖੇਤਰ ਅੰਦਰ ਕੌਮੀ ਮਾਰਗਾਂ ਦਾ ਨਿਰਮਾਣ ਹੋਣ ਦੇ ਨਾਲ-ਨਾਲ ਸੜਕਾਂ ਦੀ ਮੁਰੰਮਤ ਹੋ ਰਹੀ ਹੈ। ਇਸ ਮੌਕੇ ਭਾਜਪਾ ਮੰਡਲ ਗੁਰੂ ਕਾ ਬਾਗ ਦੇ ਅਹੁਦੇਦਾਰਾਂ ਨੇ ਬੋਨੀ ਅਜਨਾਲਾ ਨੂੰ ਸੂਬਾ ਪ੍ਰਧਾਨ ਬਣਨ 'ਤੇ ਸਨਮਾਨਿਤ ਕੀਤਾ।

ਹੈਰੋਇਨ ਤੇ ਡਰੱਗ ਮਨੀ ਸਮੇਤ ਔਰਤ ਗ੍ਰਿਫਤਾਰ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਥਾਣਾ ਦੀਨਾਨਗਰ ਦੀ ਪੁਲਸ ਨੇ ਔਰਤ ਨੂੰ ਹੈਰੋਇਨ ਅਤੇ ਡਰੱਗ ਮਨੀ ਸਮੇਤ ਗ੍ਰਿਫਤਾਰ ਕੀਤਾ ਹੈ। ਐੱਸਆਈ ਦਲਜੀਤ ਸਿੰਘ ਪੁਲਸ ਪਾਰਟੀ ਨਾਲ ਗਸ਼ਤ ਕਰ ਰਹੇ ਸਨ। ਇਸ ਦੌਰਾਨ ਮੁਲਜ਼ਮ ਆਸ਼ਾ ਰਾਣੀ ਨੂੰ ਸ਼ੱਕ ਦੇ ਆਧਾਰ 'ਤੇ ਪਿੰਡ ਪਨਿਆੜ 'ਚ ਰੋਕਿਆ ਗਿਆ। ਮਹਿਲਾ ਕਾਂਸਟੇਬਲ ਰਾਜਵੰਤ ਕੌਰ ਨੇ ਜਦੋਂ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ ਬਰਾਮਦ ਹੋਏ ਲਿਫਾਫੇ ਵਿੱਚੋਂ 15 ਗ੍ਰਾਮ ਹੈਰੋਇਨ ਅਤੇ 2200 ਰੁਪਏ ਦੀ ਡਰੱਗ ਮਨੀ ਬਰਾਮਦ ਹੋਈ।

ਕਿਸਾਨ ਸੰਘਰਸ਼ ਕਮੇਟੀ ਪੰਜਾਬ ਵੱਲੋਂ ਪਿੰਡ ਸੂਹਰ 'ਚ 23 ਮੈਂਬਰੀ ਕਮੇਟੀ ਦਾ ਗਠਨ

ਗੁਰਦਾਸਪੁਰ (ਜਨਕ ਮਹਾਜਨ)-ਹਰ ਵਾਰ ਦੀ ਤਰ੍ਹਾਂ ਜ਼ੋਨ ਤੇਜਾ ਸਿੰਘ ਸੁਤੰਤਰ ਦੀ ਟੀਮ ਗੁਰਪ੍ਰੀਤ ਸਿੰਘ ਅਤੇ ਪ੍ਰਗਟ ਸਿੰਘ ਦੇ ਸਹਿਯੋਗ ਨਾਲ ਇਸ ਵਾਰ ਵੀ ਕਿਸਾਨ ਸੰਘਰਸ਼ ਕਮੇਟੀ ਪੰਜਾਬ ਗੁਰਦਾਸਪੁਰ ਦੇ ਜ਼ੋਨ ਤੇਜਾ ਸਿੰਘ ਸੁਤੰਤਰ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਸੂਹਰ 'ਚ 23 ਮੈਂਬਰੀ ਕਮੇਟੀ ਬਣਾਈ ਗਈ। ਇਸ ਮੌਕੇ ਜ਼ਿਲ੍ਹਾ ਆਗੂ ਤੇ ਜ਼ੋਨ ਪ੍ਰਧਾਨ ਸੁਖਵਿੰਦਰ ਸਿੰਘ, ਬਾਬਾ ਕਰਨੈਲ ਸਿੰਘ ਜ਼ੋਨ ਸਕੱਤਰ, ਜ਼ੋਨ ਦੇ ਪ੍ਰੈੱਸ ਸਕੱਤਰ ਅਤੇ ਕੌਰ ਕਮੇਟੀ ਦੇ ਮੈਂਬਰ ਹਰਵਿੰਦਰ ਸਿੰਘ ਮੱਲ੍ਹੀ ਦੀ ਅਗਵਾਈ ਵਿੱਚ 23 ਮੈਂਬਰੀ ਕਮੇਟੀ ਬਣਾਈ ਗਈ ਜਿਸ ਵਿੱਚ ਵੀਰਾਂ ਤੇ ਭੈਣਾਂ ਦੀ ਟੀਮ ਦਾ ਗਠਨ ਕੀਤਾ ਗਿਆ। ਭੈਣਾਂ ਵੱਲੋਂ ਪ੍ਰਧਾਨ ਬਲਵਿੰਦਰ ਕੌਰ, ਰਾਜਬੀਰ ਕੌਰ, ਸਕੱਤਰ ਰਵਿੰਦਰ ਕੌਰ, ਜਸਬੀਰ ਕੌਰ ਮੀਤ ਸਕੱਤਰ, ਬਲਜਿੰਦਰ ਕੌਰ, ਖਜ਼ਾਨਚੀ ਅਮਰਜੀਤ ਕੌਰ, ਗਲੈਕਸਾ ਮਸੀਹ ਚੁਣੇ ਗਏ। ਇਸ ਮੌਕੇ ਵੀਰਾਂ ਦੀ ਕਮੇਟੀ ਬਣਾਈ ਗਈ ਜਿਸ 'ਚ ਪ੍ਰਧਾਨ ਗੁਰਪ੍ਰੀਤ ਸਿੰਘ, ਪ੍ਰਗਟ ਸਿੰਘ ਮੀਤ ਪ੍ਰਧਾਨ, ਸਵਰਨ ਸਿੰਘ ਸਕੱਤਰ, ਜਗਦੀਸ਼ ਸਿੰਘ ਖਜ਼ਾਨਚੀ, ਅਜੀਤ ਸਿੰਘ ਮੀਤ ਖਜਾਨਚੀ, ਨਿਰਮਲ ਸਿੰਘ ਮੈਂਬਰ, ਤਸਵੀਰ ਲਾਲ, ਰਣਧੀਰ ਸਿੰਘ ਵਲੰਟੀਅਰ, ਕਰਨੈਲ ਸਿੰਘ ਵਲੰਟੀਅਰ, ਗੁਰਪ੍ਰੀਤ ਸਿੰਘ ਗੋਪੀ, ਗੁਰਦੀਪ ਸਿੰਘ, ਅਮਰੀਕ ਸਿੰਘ ਮੈਂਬਰ ਜਿਸ ਵਿੱਚ ਜ਼ੋਨ ਪ੍ਰਧਾਨ ਸੁਖਵਿੰਦਰ ਸਿੰਘ ਨੇ ਪੂਰੀ ਟੀਮ ਨੂੰ ਸੱਚ ਨਾਲ ਚੱਲਣ ਲਈ ਸੰਬੋਧਨ ਕੀਤਾ। ਇਸ ਮੌਕੇ ਮੀਟਿੰਗ ਵਿੱਚ ਬਾਬਾ ਨਰਿੰਦਰ ਸਿੰਘ, ਨਰਿੰਦਰ ਸਿੰਘ, ਰੇਸ਼ਮ ਸਿੰਘ, ਹਰਜੀਤ ਸਿੰਘ, ਬੁੱਧ ਸਿੰਘ ਆਦਿ ਹਾਜ਼

9-Oct-PAGE-12.qxd 10/8/2023 10:09 PM Page 1

ਪ੍ਰੈੱਸ ਦੀ ਆਜ਼ਾਦੀ 'ਤੇ ਹੋ ਰਹੇ ਹਮਲਿਆਂ ਵਿਰੁੱਧ ਕੇਂਦਰ ਸਰਕਾਰ ਖਿਲਾਫ ਰੋਸ ਮਾਰਚ

ਸੁਲਤਾਨਪੁਰ ਲੋਧੀ, (ਹਨੀ)-ਲੋਕ ਸੰਘਰਸ਼ਾਂ ਦੀ ਕਵਰੇਜ ਕਰਨ ਬਦਲੇ ਦਿੱਲੀ ਸਥਿਤ 'ਨਿਊਜ਼ਲਿੰਕ' ਨਿਊਜ਼ ਪੋਰਟਲ ਅਤੇ ਉਸ ਦੇ ਪੱਤਰਕਾਰਾਂ ਵਿਰੁੱਧ ਕੇਂਦਰ ਸਰਕਾਰ ਵੱਲੋਂ ਸੰਵਿਧਾਨਕ ਨਿਯਮਾਂ ਦੇ ਉਲਟ ਕੀਤੀ ਜਾ ਘਿਨਾਉਣੀ ਕਾਰਵਾਈ ਵਿਰੁੱਧ ਵਿਰੋਧ ਪ੍ਰਗਟ ਕਰਨ ਲਈ ਵੱਖ ਵੱਖ ਕਿਸਾਨ ਜਥੇਬੰਦੀਆਂ ਅਤੇ ਪ੍ਰੈਸ ਕਲੱਬ ਸੁਲਤਾਨਪੁਰ ਲੋਧੀ ਨਾਲ ਸਬੰਧਤ ਪੱਤਰਕਾਰਾਂ ਵੱਲੋਂ ਜੋਰਦਾਰ ਰੋਸ ਪ੍ਰਗਟਾਉਂਦਿਆਂ ਸੀਨੀਅਰ ਆਗੂ ਨਰਿੰਦਰ ਸਿੰਘ ਸੋਨੀਆ, ਮਾਸਟਰ ਦੇਸ ਰਾਜ ਦੀ ਅਗਵਾਈ ਹੇਠ ਮੋਦੀ ਸਰਕਾਰ ਵਿਰੁੱਧ ਰੋਸ ਮਾਰਚ ਕੱਢਿਆ ਅਤੇ ਜੋਰਦਾਰ ਨਾਅਰੇਬਾਜ਼ੀ ਕੀਤੀ। ਇਸ ਤੋਂ ਪਹਿਲਾਂ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ ਵਿਖੇ ਮਾ ਦੇਸ਼ ਦੀ ਪ੍ਰਧਾਨਗੀ ਹੇਠ ਇਕੱਤਰ ਹੋਏ ਆਗੂਆਂ ਰਸਪਾਲ ਸਿੰਘ ਜਨਰਲ ਸਕੱਤਰ ਕਿਰਤੀ ਕਿਸਾਨ ਯੂਨੀਅਨ ਪੰਜਾਬ, ਸੁਪਰਸਤ ਨਰਿੰਦਰ ਸਿੰਘ ਸੋਨੀਆ, ਐਡਵੋਕੇਟ ਰਾਜਿੰਦਰ ਸਿੰਘ ਰਾਣਾ, ਮਾਸਟਰ ਚਰਨ ਸਿੰਘ ਕੁੱਲ ਹਿੰਦ ਕਿਸਾਨ ਸਭਾ, ਗੁਰਦੀਪ ਸਿੰਘ ਭੰਡਾਲ ਜਨਰਲ ਸਕੱਤਰ ਪੰਜਾਬ ਕਿਸਾਨ ਯੂਨੀਅਨ ਬਾਗੀ, ਮਾਸਟਰ ਸੁੱਚਾ ਸਿੰਘ ਮਿਰਜਾਪੁਰ, ਸਤਨਾਮ ਸਿੰਘ ਸਾਬੀ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਨਿਰਮਲ ਸਿੰਘ ਸ਼ੇਰਪੁਰ ਸੱਦਾ, ਸੁਰਜੀਤ ਸਿੰਘ ਠੱਟਾ, ਮੁਕੰਦ ਸਿੰਘ ਕੁਲ ਹਿੰਦ ਕਿਸਾਨ ਸਭਾ, ਨਰੇਸ ਕੁਮਾਰ ਹੈਪੀ ਜਨਰਲ ਸਕੱਤਰ ਪ੍ਰੈਸ ਕਲੱਬ ਆਦਿ ਨੇ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਲਗਾਤਾਰ ਪ੍ਰੈਸ ਦੀ ਆਜ਼ਾਦੀ 'ਤੇ ਕੀਤੇ ਜਾ ਰਹੇ ਹਮਲਿਆਂ ਨਾਲ ਦੇਸ਼ ਦੇ ਲੋਕਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ, ਜਿਸ ਨੂੰ ਦੇਸ਼ ਦੇ ਲੋਕ ਬਰਦਾਸ਼ਤ ਨਹੀਂ ਕਰਨਗੇ। ਇਸ ਮੌਕੇ ਰਾਸ਼ਟਰਪਤੀ ਦੇ ਨਾਂਅ ਐਸ ਡੀ ਐਮ ਸੁਲਤਾਨਪੁਰ ਲੋਧੀ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਸੰਤਾ ਸਿੰਘ, ਸੁਰਜੀਤ ਠੱਠਾ, ਪਰਮਜੀਤ ਸਿੰਘ ਖਾਲਸਾ, ਮਾ ਗੁਰਪ੍ਰੀਤ ਸਿੰਘ, ਸ਼ਿਵ ਦਿਆਲ ਸਿੰਘ, ਗੁਰਦੇਵ ਸਿੰਘ ਲਾਲੀ, ਪਲਵਿੰਦਰ ਸਿੰਘ ਕਾਲਾ ਸੰਘਿਆ, ਹਰਦੀਪ ਸਿੰਘ ਸੰਧੂਚੱਠਾ, ਨੰਬਰਦਾਰ ਹਰਵੰਤ ਸਿੰਘ ਮੋਠਾਂਵਾਲਾ, ਬਲਵਿੰਦਰ ਕੁਮਾਰ, ਹਰਬੰਸ ਸਿੰਘ ਚੱਕ ਕੋਟਲਾ, ਸਤਨਾਮ ਸਿੰਘ ਪ੍ਰਧਾਨ ਬੀ.ਕੇ.ਯੂ, ਮਹਿੰਦਰ ਸਿੰਘ, ਪਰਮਜੀਤ ਸਿੰਘ ਜੋਗੇਵਾਲ, ਰਣਜੀਤ ਸਿੰਘ, ਅਜੈਬ ਸਿੰਘ ਤੇ ਹੋਰ ਹਾਜ਼ਰ ਸਨ।

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਲਈ ਜੱਥਾ ਰਵਾਨਾ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪੰਜਾਬ ਸਰਕਾਰ ਦੀ ਮੁਲਾਜਮਾਂ ਦੀ ਚਿਰਾਂ ਤੋਂ ਲਟਕਦੀ ਮੰਗ ਪੁਰਾਣੀ ਪੈਨਸ਼ਨ ਬਹਾਲ ਕਰਨ ਸੰਬੰਧੀ ਅਧੂਰੇ ਨੋਟੀਫਿਕੇਸ਼ਨ ਨੂੰ ਅਮਲੀ ਜਾਮਾ ਪਹਿਨਾਉਣ ਲਈ ਸੂਬਾ ਕਮੇਟੀ ਵਲੋਂ ਫੈਸਲੇ ਅਨੁਸਾਰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਹਲਕੇ ਦਿੜਬਾ ਵਿਖੇ ਮਹਾਂਰੈਲੀ ਕਰਨ ਦਾ ਫੈਸਲਾ ਕੀਤਾ ਗਿਆ ਸੀ। ਇਸ ਰੈਲੀ ਨੂੰ ਸਫਲ ਬਨਾਉਣ ਲਈ ਪੰਜਾਬ ਦੇ ਕੋਨੇ-ਕੋਨੇ ਤੋਂ ਐਨ ਪੀ ਐਸ ਪੀੜਤ ਮੁਲਾਜਮ ਸ਼ਾਮਲ ਹੋਣ ਲਈ ਗਏ। ਕੋਟ ਫਤੂਹੀ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਜਨਰਲ ਸਕੱਤਰ ਉਂਕਾਰ ਸਿੰਘ ਅਤੇ ਵਿੱਤ ਸਕੱਤਰ ਹਰਮਨੋਜ ਕੁਮਾਰ ਦੀ ਅਗਵਾਈ 'ਚ ਮੁਲਾਜਮਾਂ ਦਾ ਜੱਥਾ ਰੈਲੀ 'ਚ ਸ਼ਾਮਲ ਹੋਣ ਲਈ ਗਿਆ। ਆਗੂਆਂ ਵੱਲੋਂ ਜਾਣ ਮੌਕੇ ਆਪਣੇ ਸੰਬੋਧਨ 'ਚ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਦੀ ਕਰਨੀ ਅਤੇ ਕਥਨੀ 'ਚ ਕੋਈ ਸਮਾਨਤਾ ਨਹੀਂ ਹੈ ਅਤੇ ਇਹ ਸਰਕਾਰ ਦਿੱਲੀ ਦੇ ਰਿਮੋਟ ਕੰਟਰੋਲ ਨਾਲ ਚੱਲ ਰਹੀ ਹੈ। ਰੈਲੀ 'ਚ ਸ਼ਾਮਲ ਹੋਣ ਲਈ ਜਾਣ ਮੌਕੇ ਐਨ.ਪੀ.ਐਸ ਮੁਲਾਜਮਾਂ ਵਲੋਂ ਸਰਕਾਰ ਵਿਰੁੱਧ ਜੰਮਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਹਰਭਜਨ ਸਿੰਘ, ਬਲਜੀਤ ਸਿੰਘ, ਕਰਮਵੀਰ ਸਿੰਘ, ਅਜੇ ਕੁਮਾਰ, ਬਲਜਿੰਦਰ ਸਿੰਘ, ਜਸਵਿੰਦਰ ਸਿੰਘ, ਬਖਤਾਵਰ ਸਿੰਘ, ਮਹਿੰਦਰ ਪਾਲ, ਮਨਜੀਤ ਕੁਮਾਰ, ਹਰਮਿੰਦਰ ਸਿੰਘ, ਸਗਲੀ ਰਾਮ, ਸੁਰਜੀਤ ਸਿੰਘ, ਰਜਿੰਦਰ ਸਿੰਘ, ਧਰਮਵੀਰ ਸਿੰਘ, ਨਰਿੰਦਰ ਸਿੰਘ ਬਿੱਲੂ, ਜਤਿੰਦਰ ਸਿੰਘ, ਤਰਸੇਮ ਸਿੰਘ ਅਤੇ ਕੁਲਵਿੰਦਰ ਸਿੰਘ ਮੌਜੂਦ ਸਨ।

'ਧੰਮ ਚੱਕਰ ਪ੍ਰਵਰਤਨ' ਦਿਵਸ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ 'ਤੇ

ਜਲੰਧਰ (ਰਾਜੇਸ ਥਾਪਾ) ਅੰਬੇਡਕਰ ਮਿਸਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸੁਸਾਇਟੀ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਪ੍ਰੋਫੈਸਰ ਸੋਹਨ ਲਾਲ ਸੇਵਾਮੁਕਤ ਡੀ.ਪੀ.ਆਈ (ਕਾਲਜਾਂ) ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ 14 ਅਕਤੂਬਰ ਨੂੰ ਕਰਵਾਏ ਜਾਣ ਵਾਲੇ 'ਧੰਮ ਚੱਕਰ ਪ੍ਰਵਰਤਨ' ਦਿਵਸ ਸਮਾਗਮ ਦੀਆਂ ਤਿਆਰੀਆਂ ਦੀ ਸਮੀਖਿਆ ਕੀਤੀ ਗਈ। ਬਲਦੇਵ ਭਾਰਦਵਾਜ ਨੇ ਕਿਹਾ ਕਿ ਬਾਬਾ ਸਾਹਿਬ ਡਾ: ਅੰਬੇਡਕਰ ਦੁਆਰਾ ਨਾਗਪੁਰ ਦੀ ਧਰਤੀ 'ਤੇ 14 ਅਕਤੂਬਰ 1956 ਨੂੰ ਅਰੰਭੀ ਗਈ ਧੰਮ ਕ੍ਰਾਂਤੀ ਦੀ ਮਸ਼ਾਲ ਨੂੰ ਮਘਦੀ ਰੱਖਣ ਲਈ ਅੰਬੇਡਕਰ ਮਿਸਨ ਸੁਸਾਇਟੀ ਪੰਜਾਬ (ਰਜਿ.) ਵੱਲੋਂ ਅੰਬੇਡਕਰ ਭਵਨ ਟਰੱਸਟ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਇਕਾਈ ਦੇ ਸਹਿਯੋਗ ਨਾਲ 'ਧੰਮ ਚੱਕਰ ਪਰਵਰਤਨ' ਦਿਵਸ ਹਰ ਸਾਲ 14 ਅਕਤੂਬਰ ਨੂੰ ਅੰਬੇਡਕਰ ਭਵਨ ਜਲੰਧਰ ਵਿਖੇ ਮਨਾਇਆ ਜਾਂਦਾ ਹੈ। ਬਲਦੇਵ ਭਾਰਦਵਾਜ ਨੇ ਅੱਗੇ ਕਿਹਾ ਕਿ ਇਸ ਬਾਰ ਸਮਾਗਮ ਵਿਚ 14 ਅਕਤੂਬਰ ਸਵੇਰੇ 10 ਵਜੇ ਮੁੱਖ ਮਹਿਮਾਨ ਵਜੋਂ ਡਾ: ਬਲਬਿੰਦਰ ਕੁਮਾਰ, ਸਹਾਇਕ ਪ੍ਰੋਫੈਸਰ, ਪੰਜਾਬ ਯੂਨੀਵਰਸਿਟੀ ਸਵਾਮੀ ਸਰਵਾਨੰਦ ਗਿਰੀ ਰੀਜਨਲ ਸੈਂਟਰ, ਹੁਸ਼ਿਆਰਪੁਰ ਸ਼ਿਰਕਤ ਕਰਨਗੇ ਅਤੇ ਸਤਿਕਾਰਯੋਗ ਭੰਤੇ ਪ੍ਰਗਿਆ ਬੋਧੀ (ਤਕਸ਼ਿਲਾ ਮਹਾਬੁੱਧ ਵਿਹਾਰ, ਲੁਧਿਆਣਾ). ਧੰਮ ਦੇਸ਼ਨਾ ਦੇਣਗੇ। ਮੁੱਖ ਬੁਲਾਰੇ ਹੋਣਗੇ ਡਾ. ਜੀ ਸੀ ਕੌਲ, ਸਾਬਕਾ ਮੁਖੀ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਡੀ ਏ ਵੀ ਕਾਲਜ ਜਲੰਧਰ 'ਤੇ ਜਨਰਲ ਸਕੱਤਰ, ਅੰਬੇਡਕਰ ਭਵਨ ਟਰੱਸਟ (ਰਜਿ.) ਮੈਡਮ ਸੁਦੇਸ਼ ਕਲਿਆਣ, ਸਾਬਕਾ ਪ੍ਰੋਗਰਾਮ ਐਗਜੀਕਿਊਟਿਵ ਦੂਰਦਰਸਨ ਜਲੰਧਰ ਤੇ ਮੁੱਖ ਸਲਾਹਕਾਰ ਏ ਐਮ ਐਸ ਪੰਜਾਬ (ਰਜਿ.) ਅਤੇ ਜਸਵਿੰਦਰ ਵਰਿਆਣਾ ਸੂਬਾ ਪ੍ਰਧਾਨ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਇਕਾਈ। ਮਿਸ਼ਨਰੀ ਗਾਇਕ ਜਗਤਾਰ ਵਰਿਆਣਵੀ ਐਂਡ ਪਾਰਟੀ ਆਪਣੇ ਗੀਤਾਂ ਰਾਹੀਂ ਬਾਬਾ ਸਾਹਿਬ ਦੇ ਮਿਸ਼ਨ 'ਤੇ ਚਾਨਣਾ ਪਾਉਣਗੇ। ਉਨ੍ਹਾਂ ਕਿਹਾ ਕਿ ਹਰ ਇੱਕ ਨੂੰ ਇਸ ਮੌਕੇ ਦਾ ਲਾਭ ਉਠਾਉਣਾ ਚਾਹੀਦਾ ਹੈ। ਇਸ ਮੌਕੇ ਪ੍ਰੋ. ਸੋਹਨ ਲਾਲ, ਪ੍ਰੋ. ਬਲਬੀਰ, ਬਲਦੇਵ ਰਾਜ ਭਾਰਦਵਾਜ, ਐਡਵੋਕੇਟ ਪਰਮਿੰਦਰ ਸਿੰਘ ਖੁੱਤਣ, ਮੈਡਮ ਸੁਦੇਸ ਕਲਿਆਣ, ਜਸਵਿੰਦਰ ਵਰਿਆਣਾ, ਨਿਰਮਲ ਬਿੰਜੀ ਆਦਿ ਹਾਜ਼ਰ ਸਨ।

ਫਾਲਕਨ ਇੰਟਰਨੈਸ਼ਨਲ ਸਕੂਲ 'ਚ ਆਰਟ ਐਂਡ ਕਰਾਫਟ ਤੇ ਸਾਇੰਸ ਮੇਲਾ

ਸੁਲਤਾਨਪੁਰ ਲੋਧੀ, (ਹਨੀ) ਫਾਲਕਨ ਇੰਟਰਨੈਸ਼ਨਲ ਸਕੂਲ ਵਿਖੇ ਆਰਟ ਐਂਡ ਕਰਾਫਟ ਅਤੇ ਸਾਇੰਸ ਐਗਜੀਬਿਸ਼ਨ ਲਗਾਈ ਗਈ। ਜਿਸ 'ਚ ਪਹਿਲੀ ਤੋਂ ਲੈ ਕੇ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲੈਂਦਿਆਂ ਆਪਣੇ ਬਣਾਏ ਵੱਖ ਵੱਖ ਵਿਸ਼ਿਆਂ ਦੇ ਮਾਡਲਾਂ ਨੂੰ ਵਧੀਆ ਤਰੀਕੇ ਨਾਲ ਪੇਸ਼ ਕੀਤਾ। ਇਸ ਦੌਰਾਨ ਵਿਦਿਆਰਥੀਆਂ ਦੇ ਮਾਪੇ ਵੀ ਪ੍ਰਦਰਸ਼ਨੀ ਨੂੰ ਵੇਖਣ ਲਈ ਪਹੁੰਚੇ ਅਤੇ ਉਹਨਾਂ ਨੇ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ। ਇਸ ਮੌਕੇ ਸਕੂਲ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋ ਅਤੇ ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋਂ ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ, ਜਦਕਿ ਗੁਰਬਚਨ ਸਿੰਘ ਅਤੇ ਗੁਰਦੀਪ ਕੌਰ ਸਮਾਗਮ ਦੇ ਮੁੱਖ ਮਹਿਮਾਨ ਰਹੇ। ਪਹੁੰਚੇ ਮਹਿਮਾਨਾਂ, ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਪ੍ਰਦਰਸ਼ੀ ਨੂੰ ਬੜੇ ਉਤਸ਼ਾਹ ਨਾਲ ਵੇਖਿਆ ਅਤੇ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ। ਇਸ ਮੌਕੇ ਵਾਇਸ ਪ੍ਰਿੰਸੀਪਲ ਬਲਜੀਤ ਕੌਰ, ਕੋਆਰਡੀਨੇਟਰ ਰਵਿੰਦਰਜੀਤ ਕੌਰ, ਐਕਟੀਵਿਟੀ ਇੰਚਾਰਜ ਮੀਰਾ ਪੁਰੀ ਆਦਿ ਸਮੂਹ ਸਟਾਫ ਹਾਜ਼ਰ ਸਨ।

ਸੇਂਟ ਕਬੀਰ ਪਬਲਿਕ ਹਾਈ ਸਕੂਲ ਵਿਖੇ ਸਾਇੰਸ ਮੇਲਾ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਸੇਂਟ ਕਬੀਰ ਪਬਲਿਕ ਹਾਈ ਸਕੂਲ ਵਿਖੇ ਸਾਇੰਸ ਮੇਲਾ ਲਗਾਇਆ ਗਿਆ, ਜਿਸ 'ਚ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਸਾਇੰਸ ਮੇਲੇ ਵਿੱਚ ਵਿਦਿਆਰਥੀਆਂ ਨੇ ਵਿਗਿਆਨ ਨਾਲ ਸਬੰਧਤ ਵਿਗਿਆਨ ਦੇ ਵਿਸ਼ੇ ਦੇ ਵੱਖ-ਵੱਖ ਮਾਡਲ ਬਣਾਏ ਅਤੇ ਉਨ੍ਹਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ 'ਚ ਪੇਸ਼ ਕੀਤਾ ਜਿਵੇਂ ਕਿ ਦਿਲ ਦਾ ਮਾਡਲ, ਐਕਸਕਰੀਟਰੀ ਮਾਡਲ, ਸਾਹ ਪ੍ਰਣਾਲੀ, ਤੇਜ਼ਾਬੀ ਵਰਖਾ, ਡਰਿਪ ਸਿੰਚਾਈ, ਪਾਚਨ ਪ੍ਰਣਾਲੀ, ਡਾਇਲਸਿਸ, ਧੂਹ ਦਾ ਮਾਡਲ, ਦਿਨ ਅਤੇ ਰਾਤ ਦਾ ਮਾਡਲ।

ਇਸ ਸਾਇੰਸ ਮੇਲੇ ਦਾ ਸਾਰਾ ਸਿਹਰਾ ਸਕੂਲ ਦੇ ਚੇਅਰਮੈਨ ਡਾ. ਆਸ਼ੀਸ਼ ਸਰੀਨ ਨੂੰ ਜਾਂਦਾ ਹੈ। ਡਾ. ਅਸ਼ੀਸ਼ ਸ਼ਰੀਨ ਨੇ ਬੱਚਿਆਂ ਦਾ ਮਾਰਗ ਦਰਸ਼ਨ ਕੀਤਾ ਅਤੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਤਾਂ ਜੋ ਭਵਿੱਖ 'ਚ ਵੀ ਬੱਚੇ ਮੈਡੀਕਲ, ਨਾਨ-ਮੈਡੀਕਲ ਵਰਗੇ ਵਿਗਿਆਨ ਦੇ ਵਿਸ਼ਿਆਂ 'ਚ ਦਿਲਚਸਪੀ ਦਿਖਾ ਸਕਣ। ਬੱਚਿਆਂ ਨੇ ਆਪਣੇ ਕਲਾਸ ਦੇ ਸਾਇੰਸ ਅਧਿਆਪਕਾਂ ਈਸ਼ਾ ਸੋਧੀ ਅਤੇ ਮੋਨਿਕਾ ਰਾਣੀ ਦੀ ਨਿਗਰਾਨੀ ਹੇਠ ਸਾਰੇ ਮਾਡਲ ਬਣਾਏ। ਇਸ ਪ੍ਰਦਰਸ਼ਨੀ ਦੌਰਾਣ ਬੱਚਿਆਂ ਦਾ ਉਤਸ਼ਾਹ ਦੇਖਣ ਵਾਲਾ ਸੀ। ਸਕੂਲ ਵਿੱਚ ਅਧਿਆਪਕ-ਮਾਪੇ ਮੀਟਿੰਗ ਹੋਣ ਕਾਰਨ ਸਾਰੇ ਮਾਪਿਆਂ ਨੇ ਇਸ ਵਿਗਿਆਨ ਮੇਲੇ 'ਚ ਹਿੱਸਾ ਲਿਆ ਅਤੇ ਬੱਚਿਆਂ ਨੂੰ ਉਤਸ਼ਾਹਿਤ ਕੀਤਾ। ਅੰਤ 'ਚ ਡਾ. ਆਸ਼ੀਸ਼ ਨੇ ਬੱਚਿਆਂ ਨੂੰ ਸਰਟੀਫਿਕੇਟ ਅਤੇ ਇਨਾਮ ਵੰਡੇ।

ਛਿੰਝ ਮੇਲੇ ਸਾਡੀ ਵਿਰਾਸਤ ਹਨ : ਸ਼ੇਰੋਵਾਲੀਆ

ਪਟਕੇ ਦੀ ਕੁਸਤੀ ਸੁਰੂ ਕਰਵਾਉਣ ਮੌਕੇ ਹਲਕਾ ਵਿਧਾਇਕ ਲਾਡੀ ਸੇਰੋਵਾਲੀਆ, ਜੋਗਿੰਦਰ ਸਿੰਘ ਟ੍ਰਾਈਗਰ, ਸਾਂਈ ਅਸਵਨੀ ਸਾਹ ਤੇ ਹੋਰ

ਸਾਹਕੋਟ (ਗਿਆਨ ਸੈਦਪੁਰੀ) ਸਹਿਨਸਾਨ ਪੀਰ ਬਾਬਾ ਗੋਦੜੀ ਸ਼ਾਹ ਦੇ ਦਰਬਾਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਲਾਨਾ ਛਿੰਝ ਮੇਲਾ ਕਰਵਾਇਆ ਗਿਆ। ਪੰਜਾਬ ਦੇ ਵੱਖ ਵੱਖ ਅਖਾੜਿਆਂ ਤੋਂ ਪਹਿਲਵਾਨ ਵੱਡੀ ਗਿਣਤੀ 'ਚ ਪਹੁੰਚੇ। ਛਿੰਝ ਮੇਲੇ ਦੌਰਾਨ ਅਮਨਾ ਬਾਟੋਵਾਲ ਪੰਜਾਬ ਕੇਸਰੀ ਅਤੇ ਤੀਰਥ ਫਗਵਾੜਾ ਦਰਮਿਆਨ ਪਟਕੇ ਦੀ ਕੁਸ਼ਤੀ ਹੋਈ। ਦੋਵੇਂ ਪਹਿਲਵਾਨਾਂ ਨੇ ਲੰਮਾ ਸਮਾਂ ਕੁਸ਼ਤੀ ਖੇਡੀ, ਪਰ ਕੁਸ਼ਤੀ ਬਰਾਬਰ ਰਹੀ। ਪ੍ਰਬੰਧਕ ਕਮੇਟੀ ਵੱਲੋਂ ਟਾਸ ਕਰਕੇ ਤੀਰਥ ਫਗਵਾੜਾ ਨੂੰ ਜੇਤੂ ਐਲਾਨ ਕੀਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਆਪਣੀ ਸਮੁੱਚੀ ਟੀਮ ਨਾਲ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਛਿੰਝ ਮੇਲੇ ਸਾਡੀ ਵਿਰਾਸਤ ਦਾ ਹਿੱਸਾ ਹਨ।

ਉਨ੍ਹਾਂ ਕਿਹਾ ਕਿ ਜਿੱਥੇ ਅਸੀਂ ਛਿੰਝ ਮੇਲੇ ਕਰਵਾ ਕੇ ਆਪਣੇ ਪੀਰਾਂ, ਬਜ਼ੁਰਗਾਂ ਦੀ ਯਾਦ ਨੂੰ ਤਾਜਾ ਕਰਦੇ ਹਾਂ, ਉੱਥੇ ਨੌਜਾਵਨ ਪੀੜ੍ਹੀ ਨੂੰ ਖੇਡਾਂ ਪ੍ਰਤੀ ਉਤਸਾਹਿਤ ਵੀ ਕਰਦੇ ਹਾਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੂਟਾ ਸਿੰਘ ਪ੍ਰਧਾਨ ਪ੍ਰਬੰਧਕ ਕਮੇਟੀ, ਸਾਂਈ ਅਸ਼ਵਨੀ ਸ਼ਾਹ, ਸੁਰਿੰਦਰਜੀਤ ਸਿੰਘ ਚੱਠਾ ਬਲਾਕ ਪ੍ਰਧਾਨ ਕਾਂਗਰਸ ਕਮੇਟੀ, ਲਖਵਿੰਦਰ ਸਿੰਘ ਲੱਖਾ ਸਾਬਕਾ ਚੇਅਰਮੈਨ, ਜਸਵੀਰ ਸਿੰਘ ਸੀਰਾ ਸਰਪੰਚ, ਗੁਰਮੁੱਖ ਸਿੰਘ ਐਲ. ਆਈ ਸੀ, ਸੁਖਦੀਪ ਸਿੰਘ ਕੰਗ (ਪੀ ਏ), ਹਰਭਜਨ ਸਿੰਘ ਖਾਲਸਾ ਸਰਪੰਚ ਪਰਜੀਆ ਕਲਾਂ, ਰੇਸ਼ਮ ਸਿੰਘ ਸਰਪੰਚ ਰੇੜਵਾਂ, ਪਹਿਲਵਾਨ ਲੈਹਿੰਬਰ ਸਿੰਘ, ਪਹਿਲਵਾਨ ਭੀਮਾ, ਕਸ਼ਮੀਰ ਸਿੰਘ, ਅੰਮ੍ਰਿਤਪਾਲ ਸਿੰਘ ਧਨੋਆ ਸਰਪੰਚ ਨਵਾਂ ਕਿਲਾ, ਬਿੱਟੂ ਬੁੱਢਣਵਾਲ, ਜਗਤਾਰ ਸਿੰਘ ਖਾਲਸਾ ਪ੍ਰਧਾਨ ਕੋ. ਸੁਸਾਇਟੀ ਢੰਡੋਵਾਲ, ਪ੍ਰਤੀਮ ਦਾਸ ਸਾਬਕਾ ਏ. ਐਸ. ਆਈ, ਸੋਨੀ ਲਸੂੜੀ, ਸ਼ੀਤਲ ਸਿੰਘ ਮਲਸੀਆ, ਅਮਰਜੀਤ ਸਿੰਘ ਸਰਪੰਚ ਕੋਹਾੜ ਕਲਾਂ, ਬਿੱਟੂ ਸਰਪੰਚ ਮੂਲੇਵਾਲ ਖੈਹਿਰਾ, ਗੁਰਿੰਦਰ ਸਿੰਘ ਬਹੁਗੁਣ, ਮਨਜਿੰਦਰ ਸਿੰਘ ਰਿੰਕੂ ਸਰਪੰਚ ਮੇਦਾ,ਪਰਮਜੀਤ ਸਿੰਘ ਪੰਮਾ ਸਾਰੰਗਵਾਲ, ਕਾਕਾ ਪੱਤਮਾਂ, ਰਣਜੀਤ ਸਿੰਘ, ਮਨਜੀਤ ਸਿੰਘ ਸੱਤਾ ਟਰਾਂਸਪੋਰਟਰ, ਬੰਟੀ ਬੱਠਲਾ, ਪਹਿਲਵਾਨ ਹਰਦੀਪ ਸਿੰਘ ਬੱਗਾ, ਜਸਵੰਤ ਸਿੰਘ ਪੰਨੂ, ਕਰਮਜੀਤ ਸਿੰਘ ਕੰਮਾਂ ਬਾਜਵਾ ਕਲਾਂ ਆਦਿ ਹਾਜ਼ਰ ਸਨ। ਮੰਗਾ ਕੋਟਲੀ ਅਤੇ ਦਵਿੰਦਰ ਕਿਲੀ ਨੇ ਕੁਮੈਂਟਰੀ ਦੇ ਫਰਜ ਨਿਭਾਏ।

ਮੋਟਰਸਾਇਕਲ ਖੰਭੇ ਨਾਲ ਟਕਰਾਉਣ ਨਾਲ ਪ੍ਰਵਾਸੀ ਦੀ ਮੌਤ